# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਪਹਿਲਾ — ਪੰਜਾਬੀ ਲਾਜ਼ਮੀ

ਸਮੈਸਟਰ ਦੂਜਾ

ਮੀਡੀਅਮ : ਪੰਜਾਬੀ — ਯੂਨਿਟ : 2

ਪਾਠ ਨੰ.


2.1 : ਕੋਸ਼, ਸਰੂਪ ਅਤੇ ਕਿਸਮਾਂ

2.2 : ਅਖ਼ਬਾਰੀ ਲੇਖ ਅਤੇ ਪ੍ਰੈਸ ਰਿਪੋਰਟ

2.3 : ਵਿਕੀਪੀਡੀਆ


**Department website : www.pbidde.org**

**ਕੋਸ਼-**

ਕੋਸ਼ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ Dictionary ਦਾ ਪੰਜਾਬੀ ਅਨੁਵਾਦ ਹੈ। ਇਸ ਵਿਚ ਕਿਸੇ ਵੀ ਭਾਸ਼ਾ ਦੀ ਸਮੁੱਚੀ ਸ਼ਬਦਾਵਲੀ ਹੁੰਦੀ ਹੈ। ਇਸ ਸ਼ਬਦਾਵਲੀ ਨੂੰ ਅੱਖਰ-ਕ੍ਰਮ ਅਨੁਸਾਰ ਰੱਖ ਕੇ ਅਰਥ ਕੀਤੇ ਹੁੰਦੇ ਹਨ। ਕੋਸ਼ ਅਜਿਹਾ ਗ੍ਰੰਥ ਹੁੰਦਾ ਹੈ ਜਿਸ ਵਿਚ ਲਿਖਤ ਸਾਹਿਤ ਅਤੇ ਬੋਲ-ਚਾਲ ਵਿਚੋਂ ਇੰਦਰਾਜ਼ ਲੈ ਕੇ ਉਨ੍ਹਾਂ ਨੂੰ ਅੱਖਰ-ਕ੍ਰਮ ਤਰਤੀਬ ਵਿਚ ਪੇਸ਼ ਕੀਤਾ ਹੁੰਦਾ ਹੈ। ਕੋਸ਼ ਵਿਚ ਸਿਰਫ਼ ਸ਼ਬਦਾਂ ਦੇ ਅਰਥ ਹੀ ਨਹੀਂ ਹੁੰਦੇ ਸਗੋਂ ਸ਼ਬਦਜੋੜ, ਸ਼ਬਦ ਦਾ ਉਚਾਰਨ, ਸ਼ਬਦ ਨਿਰੁਕਤੀ, ਵਿਆਕਰਨਕ ਵੇਰਵੇ, ਸਮਾਨ ਅਰਥਕ ਅਤੇ ਵਿਰੋਧਅਰਥਕ ਸ਼ਬਦਾਂ ਦੀ ਜਾਣਕਾਰੀ ਹੁੰਦੀ ਹੈ ਜਿਸ ਤੋਂ ਪਾਠਕ ਨੂੰ ਕਿਸੇ ਵੀ ਇੰਦਰਾਜ਼(ਸ਼ਬਦ) ਬਾਰੇ ਵਿਸਤ੍ਰਿਤ ਰੂਪ ਵਿਚ ਜਾਣਕਾਰੀ ਮਿਲਦੀ ਹੈ। ਕੋਸ਼ ਜਿੱਥੇ ਆਪਣੀ ਭਾਸ਼ਾ ਨੂੰ ਸਿੱਖਣ ਵਿਚ ਸਹਾਇਤਾ ਕਰਦੇ ਹਨ ਉੱਥੇ ਦੂਸਰੀਆਂ ਭਾਸ਼ਾਵਾਂ ਨੂੰ ਸਿੱਖਣ ਵਿਚ ਵੀ ਮਦਦਗਾਰ ਹੁੰਦੇ ਹਨ ਕਿਉਂਕਿ ਦੋ-ਭਾਸ਼ੀ ਅਤੇ ਬਹੁਭਾਸ਼ੀ ਭਾਸ਼ਾਵਾਂ ਦੇ ਸਾਹਿਤ, ਸੰਸਕ੍ਰਿਤੀ ਨੂੰ ਸਮਝਣ ਲਈ ਕੋਸ਼ ਬਹੁਤ ਵਧੀਆ ਸਾਧਨ ਹਨ। ਸੋ ਕੋਸ਼ ਦਾ ਮੂਲ ਉਦੇਸ਼ ਪਾਠਕ ਨੂੰ ਸ਼ਬਦਾਂ ਬਾਰੇ ਸਹੀ ਤੇ ਸੰਪੂਰਨ ਜਾਣਕਾਰੀ ਦੇਣਾ ਹੈ।

ਜੇਕਰ ਕੋਸ਼ਕਾਰੀ ਬਾਰੇ ਭਾਰਤੀ ਪਰੰਪਰਾ ਦੀ ਗੱਲ ਕੀਤੀ ਜਾਵੇ ਤਾਂ ਕੋਸ਼ ਲਈ ਸਭ ਤੋਂ ਪ੍ਰਾਚੀਨ ਨਾਮ ਨਿਘੰਟੂ ਹੈ। ਇਸ ਵਿਚ ਵੈਦਿਕ ਸਾਹਿਤ ਦੀ ਸ਼ਬਦਾਵਲੀ ਨੂੰ ਸੰਗ੍ਰਹਿਤ ਕੀਤਾ ਜਾਂਦਾ ਸੀ। ਇਸ ਤੋਂ ਬਿਨ੍ਹਾਂ ਕੋਸ਼ਕਾਰੀ ਨਾਲ ਸਬੰਧਿਤ ਹੋਰ ਸੰਕਲਪ ਨਿਰੁਕਤ, Lexicon(ਸ਼ਬਦ ਸੰਗ੍ਰਹਿ), Glossary, ਵੀ ਹਨ।

**ਭਾਸ਼ਾਵਾਂ ਦੇ ਆਧਾਰ 'ਤੇ ਕੋਸ਼ਾਂ ਦਾ ਵਰਗੀਕਰਨ-**

**ਸਮਭਾਸ਼ਾਈ ਜਾਂ ਇਕਭਾਸ਼ੀ ਕੋਸ਼-** ਸਮਭਾਸ਼ੀ ਕੋਸ਼ਾਂ ਵਿਚ ਕਿਸੇ ਭਾਸ਼ਾ ਦੇ ਸ਼ਬਦਾਂ ਦਾ ਅਰਥ ਉਸ ਹੀ ਭਾਸ਼ਾ ਵਿਚ ਦਿੱਤਾ ਜਾਂਦਾ ਹੈ। ਇਸ ਕੋਸ਼ ਵਿਚ ਮੁੱਖ ਸ਼ਬਦ ਵਜੋਂ ਵਰਤੇ ਇੰਦਰਾਜ਼ ਦਾ ਅਰਥ ਜਾਂ ਵਿਆਖਿਆ ਉਸ ਹੀ ਭਾਸ਼ਾ ਵਿਚ ਕੀਤਾ ਹੁੰਦਾ ਹੈ। ਇਸ ਕੋਸ਼ ਵਿਚ ਅਰਥ ਤੋਂ ਇਲਾਵਾ ਉਚਾਰਨ, ਸ਼ਬਦਜੋੜ, ਵਿਆਕਰਨਕ ਵੇਰਵੇ ਆਦਿ ਵੀ ਉਸੇ ਹੀ ਭਾਸ਼ਾ ਵਿਚ ਦਿੱਤੇ ਹੁੰਦੇ ਹਨ। ਮਤਲਬ ਕਿ ਇਸ ਵਿਚ ਸਰੋਤ ਅਤੇ ਟੀਚਾ ਭਾਸ਼ਾ ਇਕ ਹੀ ਹੁੰਦੀ ਹੈ। ਜਿਵੇਂ **ਪੰਜਾਬੀ-ਪੰਜਾਬੀ ਕੋਸ਼**।

ਇਸ ਤਰ੍ਹਾਂ ਦੇ ਕੋਸ਼ ਕਿਸੇ ਵੀ ਭਾਸ਼ਾ ਦੇ ਸਥਾਨਕ ਬੁਲਾਰਿਆਂ ਲਈ ਤਿਆਰ ਕੀਤੇ ਹੁੰਦੇ ਹਨ।

**ਦੋ-ਭਾਸ਼ਾਈ ਕੋਸ਼**– ਦੋ ਭਾਸ਼ਾਈ-ਕੋਸ਼ਾਂ ਵਿਚ ਇਕ ਭਾਸ਼ਾ ਦੇ ਅਰਥ ਦੂਸਰੀ ਭਾਸ਼ਾ ਵਿਚ ਦਿਤੇ ਜਾਂਦੇ ਹਨ। ਇਨ੍ਹਾਂ ਦਾ ਮਕਸਦ ਇਕ ਭਾਸ਼ਾ ਨੂੰ ਬਦੇਸ਼ੀ ਜਾਂ ਦੂਜੀ ਭਾਸ਼ਾ ਵਜੋਂ ਪੜ੍ਹਨ ਵਾਲੇ ਬੁਲਾਰਿਆਂ ਲਈ ਸੌਖਾ ਕਰਨਾ ਹੁੰਦਾ ਹੈ। ਦੋ ਭਾਸ਼ਾਈ ਕੋਸ਼ਾਂ ਵਿਚ ਕੋਸ਼ੀ ਇਕਾਈ ਦੇ ਰੂਪ ਦੀ ਭਾਸ਼ਾ ਨੂੰ ਸਰੋਤ ਭਾਸ਼ਾ ਅਤੇ ਉਸਦੇ ਅਰਥ ਦੀ ਭਾਸ਼ਾ ਨੂੰ ਟੀਚਾ ਭਾਸ਼ਾ ਕਿਹਾ ਜਾਂਦਾ ਹੈ ਅਰਥਾਤ ਇੰਦਰਾਜ ਵਜੋਂ ਸ਼ਾਮਿਲ ਇਕਾਈ ਦੀ ਭਾਸ਼ਾ ਸਰੋਤ ਭਾਸ਼ਾ ਅਤੇ ਉਸਦੇ ਅਰਥ ਦਰਸਾਉਣ ਵਾਲੀ ਭਾਸ਼ਾ ਟੀਚਾ ਭਾਸ਼ਾ ਹੁੰਦੀ ਹੈ। ਉਦਾਹਰਣ ਵਜੋਂ ਪੰਜਾਬੀ-ਅੰਗਰੇਜ਼ੀ ਦੇ ਭਾਸ਼ਾਈ ਕੋਸ਼ ਵਿਚ ਪੰਜਾਬੀ ਸਰੋਤ ਭਾਸ਼ਾ ਅਤੇ ਅੰਗਰੇਜ਼ੀ ਟੀਚਾ ਭਾਸ਼ਾ ਹੈ। ਦੋ ਭਾਸ਼ਾਈ ਕੋਸ਼ਾਂ ਨਾਲ ਸਰੋਤ ਭਾਸ਼ਾ ਦੇ ਬੁਲਾਰੇ ਟੀਚਾ ਭਾਸ਼ਾ ਨੂੰ ਲਿਖਤੀ ਸੰਚਾਰ ਲਈ ਵਰਤ ਸਕਦੇ ਹਨ ਅਤੇ ਟੀਚਾ ਭਾਸ਼ਾ ਦੇ ਬੁਲਾਰੇ ਸਰੋਤ ਭਾਸ਼ਾ ਦੇ ਸਾਹਿਤ ਨੂੰ ਸਮਝਣ ਲਈ ਮਦਦ ਲੈ ਸਕਦੇ ਹਨ ਇਸ ਪ੍ਰਕਾਰ ਦੋ-ਭਾਸ਼ਾਈ ਕੋਸ਼ ਪਾਠਕਾਂ ਲਈ ਬਹੁਤ ਉਪਯੋਗੀ ਹੁੰਦੇ ਹਨ। ਹੇਠਾਂ ਦੋ- ਭਾਸ਼ਾਈ ਕੋਸ਼ਾਂ ਦੀਆਂ ਕੁਝ ਉਦਾਹਰਣਾਂ ਦਿੱਤੀਆਂ ਗਈਆਂ ਹਨ। ਜਿਵੇਂ –

ਅੰਗਰੇਜ਼ੀ-ਪੰਜਾਬੀ ਕੋਸ਼ –

I. ਏ ਡਿਕਸ਼ਨਰੀ ਆਫ਼ ਇੰਗਲਿਸ਼ ਐਂਡ ਪੰਜਾਬੀ – ਕੈਪਟਨ ਸਟਾਰਕੀ, 1849

II. ਐਂਗਲੋ ਗੁਰਮੁਖੀ ਡਿਕਸ਼ਨਰੀ – ਸਾਲਿਗ ਰਾਮ, 1897

III. ਐਨ ਇੰਗਲਿਸ਼ ਪੰਜਾਬੀ ਡਿਕਸ਼ਨਰੀ – ਟੀ. ਗ੍ਰਾਹਮ ਬੇਲੀ 1919

ਹਿੰਦੀ-ਪੰਜਾਬੀ ਕੋਸ਼

I. ਹਿੰਦੀ-ਪੰਜਾਬੀ ਕੋਸ਼ – ਪਟਿਆਲਾ 1913

ਰੂਸੀ-ਪੰਜਾਬੀ ਕੋਸ਼

I. ਰੂਸੀ-ਪੰਜਾਬੀ ਸ਼ਬਦ ਕੋਸ਼ – ਗੁਰਬਖਸ਼ ਸਿੰਘ, ਮਾਸਕੋ, 1975

ਪੰਜਾਬੀ-ਅੰਗਰੇਜ਼ੀ ਸ਼ਬਦ ਕੋਸ਼

I. ਡਿਕਸ਼ਨਰੀ ਆਫ਼ ਦ ਪੰਜਾਬੀ ਲੈਂਗੂਏਜ਼ – ਐਲ. ਜਾਨਵੀਅਰ, 1854

II. ਪੰਜਾਬੀ-ਅੰਗਰੇਜ਼ੀ ਡਿਕਸ਼ਨਰੀ – ਬਨਾਰਸੀ ਦਾਸ ਜੈਨ, 1929

ਪੰਜਾਬੀ-ਰੂਸੀ ਸ਼ਬਦ ਕੋਸ਼

I. ਪੰਜਾਬੀ-ਰੂਸੀ ਸ਼ਬਦ ਕੋਸ਼ – ਈ. ਐਸ. ਰਾਬਿਨੋਵਿਚ, ਈ. ਡੀ. ਸੇਰੇਬਰਯਾਕੋਵ, ਮਾਸਕੋ, 1961

## II. ਵਿਸ਼ਵਕੋਸ਼

III. ਵਿਸ਼ਵਕੋਸ਼ – ਵਿਸ਼ਵਕੋਸ਼ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਇਨਸਾਈਕਲੋਪੀਡੀਆ ਦਾ ਪੰਜਾਬੀ ਅਨੁਵਾਦ ਹੈ। ਵਿਸ਼ਵ ਕੋਸ਼ ਵਿਚ ਮੁੱਖ ਇੰਦਰਾਜ ਦੇ ਅੰਤਰਗਤ ਕਿਸੇ ਖੇਤਰ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਉਪਲੱਬਧ ਹੁੰਦੀ ਹੈ। ਜਿਥੇ ਸਧਾਰਨ ਕੋਸ਼ਾਂ ਵਿਚ ਕੇਵਲ ਭਾਸ਼ਾਈ ਸੂਚਨਾਵਾਂ ਤੱਕ ਹੀ ਜਾਣਕਾਰੀ ਦਿੱਤੀ ਜਾਂਦੀ ਹੈ ਉਥੇ ਵਿਸ਼ਵ ਕੋਸ਼ਾਂ ਦੀ ਜਾਣਕਾਰੀ ਦਾ ਦਾਇਰਾ ਬਹੁਤ ਵਸੀਹ ਹੁੰਦਾ ਹੈ। ਇਸ ਵਿਚ ਸ਼ਾਮਿਲ ਕੋਸ਼ੀ ਇਕਾਈਆਂ ਦਾ ਦਾਇਰਾ ਵਿਸ਼ੇਸ਼ ਸਥਾਨ, ਵਿਸ਼ੇਸ਼ ਖੇਤਰ, ਵਿਸ਼ੇਸ਼ ਸ਼ਖ਼ਸੀਅਤਾਂ ਤਕ ਫੈਲਿਆ ਹੁੰਦਾ ਹੈ। ਵਿਸ਼ਵ ਕੋਸ਼ ਵਿਚ ਸਾਹਿਤਕ ਰਚਨਾਵਾਂ, ਮਾਨਵ ਗਿਆਨ ਵਿਗਿਆਨ ਦੀਆਂ ਸਾਰੀਆਂ ਸ਼ਾਖਾਵਾਂ, ਇਤਿਹਾਸਕ ਘਟਨਾਵਾਂ, ਪਸ਼ੂ-ਪੰਛੀਆਂ, ਰੋਗਾਂ, ਬਿਮਾਰੀਆਂ ਨਾਲ ਸੰਬੰਧਿਤ ਮੁਕੰਮਲ ਜਾਣਕਾਰੀ ਹੁੰਦੀ ਹੈ। ਸਧਾਰਨ ਕੋਸ਼ ਅਤੇ ਵਿਸ਼ਵ ਕੋਸ਼ ਵਿਚ ਮੁੱਖ ਅੰਤਰ ਜਾਣਕਾਰੀ ਦਾ ਹੁੰਦਾ ਹੈ ਜਿਥੇ ਸਧਾਰਨ ਕੋਸ਼ ਵਿਚ ਸਿਰਫ਼ ਨਿਤਾਪ੍ਰਤੀ ਵਰਤੋਂ ਸ਼ਬਦਾਂ ਦਾ ਇਕੱਤਰੀਕਰਨ ਹੁੰਦਾ ਹੈ ਉਥੇ ਵਿਸ਼ਵ ਕੋਸ਼ ਇਤਿਹਾਸਕ ਘਟਨਾਵਾਂ, ਵਿਸ਼ੇਸ਼ ਸੰਕਲਪਾਂ, ਵਿਸ਼ੇਸ਼ ਵਿਸ਼ਿਆਂ ਨਾਲ ਸੰਬੰਧਿਤ ਕੋਸ਼ੀ ਇਕਾਈਆਂ ਦਾ ਸੰਕਲਨ ਹੁੰਦਾ ਹੈ। ਪੰਜਾਬੀ ਵਿਚ ਭਾਈ ਕਾਹਨ ਸਿੰਘ ਨਾਭਾ ਦਾ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਅਜਿਹੀ ਰਚਨਾ (ਕੋਸ਼) ਹੈ ਜਿਸ ਵਿਚ ਸਿੱਖ ਧਰਮ, ਇਤਿਹਾਸ ਅਤੇ ਗੁਰਮਤਿ ਪਰੰਪਰਾ ਨਾਲ ਸੰਬੰਧਿਤ ਹਰ ਤਰ੍ਹਾਂ ਦੀ ਸ਼ਬਦਾਵਲੀ ਦਾ ਇਕੱਤਰੀਕਰਨ ਹੈ ਜਿਸ ਤੋਂ ਪਾਠਕ ਨੂੰ ਸਿੱਖ ਧਰਮ, ਇਤਿਹਾਸ ਬਾਰੇ ਮੁਕੰਮਲ ਜਾਣਕਾਰੀ ਮਿਲਦੀ ਹੈ।

IV. ਇਸ ਤੋਂ ਬਾਅਦ ਪੰਜਾਬੀ ਵਿਚ ਸੋਹਿੰਦਰ ਸਿੰਘ ਵਣਜਾਰਾ ਬੇਦੀ ਦਾ ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਮਿਲਦਾ ਹੈ ਜੋ ਅੱਠ ਜਿਲਦਾਂ ਵਿਚ ਪ੍ਰਕਾਸ਼ਿਤ ਹੈ। ਇਸ ਵਿਸ਼ਵ ਕੋਸ਼ ਵਿਚ ਵਣਜਾਰਾ ਬੇਦੀ ਨੇ ਪੰਜਾਬੀ ਬੋਲੀ, ਲੋਕ ਸਾਹਿਤ, ਲੋਕ ਵਿਸ਼ਵਾਸ਼, ਰੀਤਾਂ, ਰਸਮ-ਰਿਵਾਜ, ਲੋਕ ਰੂੜ੍ਹੀਆਂ ਅਰਥਾਤ ਸਮੁੱਚੇ ਲੋਕ ਜੀਵਨ ਦੇ ਵੇਰਵੇ ਸ਼ਾਮਿਲ ਕੀਤੇ ਹਨ। ਇਨ੍ਹਾਂ ਸੰਕਲਪਾਂ ਨਾਲ ਸੰਬੰਧਿਤ ਇੰਦਰਾਜਾਂ ਤੋਂ ਸਾਨੂੰ ਲੋਕ ਜੀਵਨ, ਲੋਕਧਾਰਾ ਦੇ ਵਿਭਿੰਨ ਪਹਿਲੂਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਮਿਲਦੀ ਹੈ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਵਿਸ਼ਵਕੋਸ਼ ਜਿਵੇਂ ਕਿ ਐਚ. ਐਸ. ਸੰਘਾ ਦੁਆਰਾ 'ਜੂਨੀਅਰ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ' (1985) ਵਿਚ ਸੰਪਾਦਿਤ ਕੀਤਾ ਗਿਆ ਹੈ। ਇਸ ਵਿਸ਼ਵਕੋਸ਼ ਵਿਚ ਸਿੱਖ ਧਰਮ ਨਾਲ ਸੰਬੰਧਿਤ ਜਾਣਕਾਰੀ ਮਿਲਦੀ ਹੈ। ਪਿਆਰਾ ਸਿੰਘ ਸਹਿਰਾਈ ਦੁਆਰਾ ਰਚਿਤ 'ਵਿਸ਼ਵਕੋਸ਼ ਪੁਲਾੜ ਵਿਗਿਆਨ' 339 ਪੰਨਿਆਂ ਵਿਚ ਸੰਕਲਿਤ ਹੈ। ਇਸ ਵਿਚ ਪੁਲਾੜ ਵਿਗਿਆਨ ਨਾਲ ਸੰਬੰਧਿਤ ਸੰਕਲਪਾਂ, ਵਿਅਕਤੀਆਂ, ਥਾਵਾਂ, ਤਕਨੀਕਾਂ ਅਤੇ ਕਿਰਿਆਵਾਂ ਬਾਰੇ ਇੰਦਰਾਜ ਦਰਜ ਹਨ।

V. ਇਸ ਪ੍ਰਕਾਰ ਵਿਸ਼ਵਕੋਸ਼ ਕਿਸੇ ਖ਼ਾਸ ਖੇਤਰ ਨਾਲ ਸੰਬੰਧਿਤ ਮੁਕੰਮਲ ਜਾਣਕਾਰੀ ਦਾ ਸ੍ਰੋਤ ਹੁੰਦਾ ਹੈ। ਜਿਸ ਵਿਚ ਉਪ-ਖੇਤਰ ਨਾਲ ਸੰਬੰਧਿਤ ਸਾਰੇ ਵੇਰਵੇ ਸ਼ਾਮਿਲ ਹੁੰਦੇ ਹਨ।

**ਤਕਨੀਕੀ ਸ਼ਬਦਾਵਲੀ ਕੋਸ਼-** ਜਿਹੜੇ ਸ਼ਬਦਾਂ ਦੀ ਵਰਤੋਂ ਕਿਸੇ ਵਿਸ਼ੇਸ਼ ਖੇਤਰ ਜਾਂ ਕਿਸੇ ਵਿਸ਼ੇਸ਼ ਵਿਸ਼ੇ ਲਈ ਕੀਤੀ ਜਾਵੇ ਜਦੋਂ ਉਨ੍ਹਾਂ ਸ਼ਬਦਾਂ ਦਾ ਸੰਗ੍ਰਹਿ ਤਿਆਰ ਕੀਤਾ ਜਾਂਦਾ ਹੈ ਤਾਂ ਉਹ ਤਕਨੀਕੀ ਸ਼ਬਦਾਵਲੀ ਕੋਸ਼ ਹੁੰਦਾ ਹੈ। ਅਜਿਹੇ ਕੋਸ਼ ਵਿਸ਼ੇਸ਼ ਰੂਪ ਵਿਚ ਸੰਸਥਾਵਾਂ ਜਾਂ ਉਸ ਖੇਤਰ ਨਾਲ ਸਬੰਧਿਤ ਮਾਹਿਰ ਵਿਅਕਤੀ ਦੁਆਰਾ ਤਿਆਰ ਕੀਤੇ ਜਾਂਦੇ ਹਨ।

ਉਦਾਹਰਨ ਵਜੋਂ- **ਖੇਡਾਂ ਦੀ ਸ਼ਬਦਾਵਲੀ ਨਾਲ ਸਬੰਧਿਤ ਕੋਸ਼, ਖੇਤੀਬਾੜੀ ਦੀ ਸ਼ਬਦਾਵਲੀ ਨਾਲ ਸਬੰਧਿਤ ਕੋਸ਼**

**ਵਿਸ਼ਾ ਕੋਸ਼-** ਵਿਸ਼ਾ ਕੋਸ਼ ਵਿਚ ਅਲੱਗ-ਅਲੱਗ ਵਿਸ਼ਿਆਂ ਨਾਲ ਸਬੰਧਿਤ ਸ਼ਬਦਾਵਲੀ ਅਤੇ ਸੰਕਲਪਾਂ ਦੇ ਅਰਥਾਂ ਨੂੰ ਪਾਠਕਾਂ ਤਕ ਪਹੁੰਚਾਇਆ ਹੁੰਦਾ ਹੈ। ਇਸ ਕੋਸ਼ ਦਾ ਮੂਲ ਉਦੇਸ਼ ਹੀ ਕਿਸੇ ਵੀ ਵਿਸ਼ੇ ਦੀ ਸੰਪੂਰਨ ਜਾਣਕਾਰੀ ਮੁਹੱਈਆ ਕਰਵਾਉਣੀ ਹੈ।

ਉਦਾਹਰਨ ਵਜੋਂ- **ਗੁਰਬਚਨ ਭੁੱਲਰ ਦਾ ਅਰਥਸ਼ਾਸਤਰ ਅਤੇ ਰਾਜਨੀਤੀ ਦਾ ਕੋਸ਼, ਬਲਦੇਵ ਸਿੰਘ ਚੀਮਾ ਦਾ ਪੰਜਾਬੀ ਵਿਆਕਰਨ ਅਤੇ ਭਾਸ਼ਾ ਵਿਗਿਆਨ ਤਕਨੀਕੀ ਸ਼ਬਦਾਵਲੀ ਦਾ ਵਿਸ਼ਾ ਕੋਸ਼**

**ਪਾਠ ਨੰਬਰ : 2.2** **ਲੇਖਕ : ਅਮ੍ਰਿਤਪਾਲ ਸਿੰਘ ਬੁੱਟਰ**

# ਅਖ਼ਬਾਰੀ ਲੇਖ

ਆਮ ਤੌਰ ਤੇ ਅਖ਼ਬਾਰ ਦੀ ਸਮੱਗਰੀ ਦੇਖਣ ਤੇ ਪਤਾ ਚਲਦਾ ਹੈ ਕਿ ਅਖ਼ਬਾਰ ਵਿਚ ਕੇਵਲ ਖ਼ਬਰਾਂ ਹੀ ਨਹੀਂ ਛਪਦੀਆਂ ਸਗੋਂ ਇਸ ਤੋਂ ਬਿਨ੍ਹਾਂ ਆਰਟੀਕਲ, ਫ਼ੀਚਰ, ਸੰਪਾਦਕੀ ਲੇਖ ਅਤੇ ਇਸ਼ਤਿਹਾਰ ਵੀ ਛਪਦੇ ਹਨ ਇਸਦਾ ਭਾਵ ਇਹ ਹੋਇਆ ਕਿ ਅਖ਼ਬਾਰ ਵਿਚ ਖ਼ਬਰਾਂ ਤੋਂ ਬਿਨ੍ਹਾਂ ਵਿਚਾਰ ਅਤੇ ਇਸ਼ਤਿਹਾਰ ਵੀ ਮਹੱਤਤਾ ਰੱਖਦੇ ਹਨ। ਅਖ਼ਬਾਰ ਦੇ ਜੇਕਰ ਢਾਂਚੇ ਦੀ ਗੱਲ ਕਰੀਏ ਤਾਂ ਇਸਦੇ ਸੰਪਾਦਕੀ ਪੰਨੇ ਉੱਪਰ ਸੰਪਾਦਕੀ ਲੇਖ ਤੋਂ ਇਲਾਵਾ ਵਿਸ਼ੇਸ਼ ਲੇਖ, ਮਿਡਲ, ਫ਼ੀਚਰ ਅਤੇ ਸੰਪਾਦਕ ਦੇ ਨਾਮ ਪੱਤਰ ਛਾਪੇ ਜਾਂਦੇ ਹਨ। ਸੰਪਾਦਕੀ ਪੰਨੇ ਉੱਪਰ ਛਪਣ ਵਾਲੀ ਸਾਰੀ ਸਮੱਗਰੀ ਬਹੁਤ ਮਹੱਤਵਪੂਰਨ ਹੁੰਦੀ ਹੈ ਕਿਉਂਕਿ ਖ਼ਬਰਾਂ ਤੋਂ ਬਾਅਦ ਸੰਪਾਦਕੀ ਲੇਖ ਜਾਂ ਅਖ਼ਬਾਰੀ ਲੇਖ ਪਾਠਕਾਂ ਦੀ ਚੇਤਨਾ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਉਹਨਾਂ ਨੂੰ ਨਵੇਂ ਵਿਸ਼ੇ ਉੱਪਰ ਚਿੰਤਨ ਕਰਨ ਲਈ ਉਤਸ਼ਾਹਿਤ ਕਰਦੇ ਹਨ। ਪੱਤਰਕਾਰੀ ਦੇ ਖੇਤਰ ਵਿਚ ਅਖ਼ਬਾਰੀ ਲੇਖ ਇੱਕ ਅਜਿਹਾ ਸੰਕਲਪ ਹੈ ਜਿਸਨੂੰ ਅਖ਼ਬਾਰ ਦੀ ਰੂਹ ਕਿਹਾ ਜਾ ਸਕਦਾ ਹੈ। ਜੇਕਰ ਅਸੀਂ ਸੰਪਾਦਕੀ ਲੇਖ ਅਤੇ ਅਖ਼ਬਾਰੀ ਲੇਖ ਵਿਚ ਅੰਤਰ ਕਰਨਾ ਹੋਵੇ ਤਾਂ ਮੁੱਖ ਅੰਤਰ ਇਹ ਹੈ ਕਿ ਸੰਪਾਦਕੀ ਲੇਖ ਅਖ਼ਬਾਰ ਦੇ ਸੰਪਾਦਕ ਜਾਂ ਉਪ ਸੰਪਾਦਕ ਵੱਲੋਂ ਲਿਖਿਆ ਗਿਆ ਹੁੰਦਾ ਹੈ ਅਤੇ ਇਸ ਵਿਚ ਛਪਣ ਵਾਲੇ ਵਿਚਾਰ ਉਸ ਸੰਸਥਾ ਦੇ ਵਿਚਾਰ ਹੁੰਦੇ ਹਨ ਉਸ ਤੋਂ ਅਖ਼ਬਾਰ ਦੀ ਵਿਚਾਰਧਾਰਾ, ਅਖ਼ਬਾਰ ਦੇ ਦ੍ਰਿਸ਼ਟੀਕੋਣ ਦਾ ਪਤਾ ਚਲ ਜਾਂਦਾ ਹੈ ਸੰਪਾਦਕੀ ਲੇਖ ਅਸਲ ਵਿਚ ਅਖ਼ਬਾਰ ਦੀ ਨੀਤੀ ਦਾ ਦਰਪਣ ਹੁੰਦਾ ਹੈ ਜਿਸ ਤੋਂ ਵੱਖ-ਵੱਖ ਮੁੱਦਿਆਂ ਬਾਰੇ ਅਖ਼ਬਾਰ ਦੀ ਸੁਰ ਦਾ ਪਤਾ ਚੱਲਦਾ ਹੈ ਪ੍ਰੰਤੂ ਸੰਪਾਦਕੀ ਪੰਨੇ ਉੱਪਰ ਛਪਣ ਵਾਲੇ ਅਖ਼ਬਾਰੀ ਲੇਖ ਵਿਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਵਿਦਵਾਨਾਂ, ਮਾਹਿਰਾਂ ਵੱਲੋਂ ਤੱਤਕਾਲੀਨ ਜਾਂ ਇਤਿਹਾਸਿਕ ਮਸਲਿਆਂ ਉੱਪਰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਹੁੰਦੀ ਹੈ ਸੰਪਾਦਕੀ ਲੇਖ ਦੇ ਮੁਕਾਬਲੇ ਫ਼ਰਕ ਇਹ ਹੈ ਕਿ ਇਹ ਵਿਚਾਰ ਨਿੱਜੀ ਹੁੰਦੇ ਹਨ ਅਤੇ ਲੇਖਕ ਇਹਨਾਂ ਵਿਚਾਰਾਂ ਪ੍ਰਤੀ ਜਵਾਬਦੇਹ ਹੁੰਦਾ ਹੈ। ਆਮ ਤੌਰ 'ਤੇ ਅਖ਼ਬਾਰੀ ਲੇਖ ਕਿਸੇ ਚਲੰਤ ਜਾਂ ਵਾਦ-ਵਿਵਾਦ ਵਾਲੇ ਵਿਸ਼ੇ ਬਾਰੇ ਲੇਖਕ ਦੁਆਰਾ ਤਰਕਮਈ ਤਰੀਕੇ ਨਾਲ ਲਿਖਿਆ ਜਾਂਦਾ ਹੈ ਇਸ ਤਰ੍ਹਾਂ ਦੇ ਲੇਖ ਲਿਖਣ ਜ਼ਰੂਰੀ ਹੈ ਕਿ ਲੇਖਕ ਨੂੰ ਸਬੰਧਿਤ ਵਿਸ਼ੇ ਬਾਰੇ ਡੂੰਘੀ ਜਾਣਕਾਰੀ ਹੋਵੇ ਸੰਪਾਦਕੀ ਤੋਂ ਬਾਅਦ ਅਖ਼ਬਾਰੀ ਲੇਖ ਹੀ ਅਜਿਹੀ ਵਿਧਾ ਹੈ ਜੋ ਗੰਭੀਰ ਪਾਠਕਾਂ ਲਈ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਜਿਸ ਵਿਚ ਕਿਸੇ ਖ਼ਾਸ ਵਿਸ਼ੇ ਬਾਰੇ ਆਪਣੇ ਨੁਕਤਾ ਨਜ਼ਰੀਏ ਨੂੰ ਪੇਸ਼ ਕੀਤਾ ਗਿਆ ਹੁੰਦਾ ਹੈ ਅਖ਼ਬਾਰੀ ਲੇਖਾਂ ਵਿਚ ਲੇਖਕ ਦੇਸ਼ ਵਿਦੇਸ਼ ਦੇ ਮਹੱਵਤਪੂਰਨ ਮਸਲਿਆਂ ਬਾਰੇ ਖੋਜੀ ਬਿਰਤੀ ਰਾਹੀਂ ਸਾਰੇ ਪੱਖਾਂ ਤੋਂ ਰੌਸ਼ਨੀ ਪਾਉਂਦਾ ਹੋਇਆ ਪਾਠਕਾਂ ਲਈ ਰਾਹ ਦਸੇਰਾ ਬਣਦਾ ਹੈ। ਵੈਸੇ ਅਖ਼ਬਾਰੀ ਲੇਖ ਲਿਖਣਾ ਏਨਾ ਸੌਖਾ ਕਾਰਜ ਨਹੀਂ ਹੈ ਇਸ ਲਈ ਲੇਖਕ ਕੋਲੇ ਸਬੰਧਿਤ ਵਿਸ਼ੇ ਬਾਰੇ ਡੂੰਘੇਰੀ ਜਾਣਕਾਰੀ ਹੋਣੀ ਜ਼ਰੂਰੀ ਹੈ ਤਾਂ ਜੋ ਉਹ ਪਾਠਕਾਂ ਅੱਗੇ ਵਿਸ਼ੇ ਦੇ ਹਰ ਪੱਖ ਨੂੰ ਉਭਾਰਿਆ ਜਾਵੇ। ਅਖ਼ਬਾਰੀ ਲੇਖ ਲਿਖਣ ਲਈ ਜ਼ਰੂਰੀ ਹੈ ਕਿ ਅਖ਼ਬਾਰਾਂ ਨੂੰ ਪੜਿਆ ਜਾਵੇ ਤਾਂ ਜੋ ਲੇਖਕ ਨੂੰ ਦੁਨੀਆਂ ਭਰ ਵਿਚ ਵਾਪਰ ਰਹੇ ਵਰਤਾਰਿਆਂ ਬਾਰੇ ਡੂੰਘੀ ਜਾਣਕਾਰੀ ਹੋਵੇ। ਲੇਖਕ ਨੇ ਵਿਸ਼ੇ ਦੀ ਪਹਿਲੀ ਅਤੇ ਆਖ਼ਰੀ ਤੰਦ ਤੱਕ ਪਹੁੰਚਣਾ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਵਿਸ਼ੇ ਦੀ ਡੂੰਘਾਈ ਨਾਲ ਸਾਰ ਲਈ ਜਾਵੇ। ਪਹਿਲਾਂ ਜ਼ਿਆਦਾਤਰ ਅਖ਼ਬਾਰੀ ਲੇਖ ਸੰਪਾਦਕਾਂ ਦੁਆਰਾ ਹੀ ਲਿਖੇ ਜਾਂਦੇ ਸਨ ਪ੍ਰੰਤੂ ਹੁਣ ਵਿਸ਼ਿਆਂ ਵਿਚ ਵੰਨ-ਸੁਵੰਨਤਾ ਆਉਣ ਨਾਲ ਅਲੱਗ-ਅਲੱਗ ਵਿਸ਼ਿਆਂ ਦੇ ਮਾਹਿਰਾਂ ਦੁਆਰਾ ਹੀ ਅਖ਼ਬਾਰੀ ਲੇਖ ਲਿਖੇ ਜਾਂਦੇ ਹਨ ਵੱਖ-ਵੱਖ ਅਖ਼ਬਾਰਾਂ ਵਿਚ ਵੱਖ-ਵੱਖ ਅਖ਼ਬਾਰੀ ਲੇਖਾਂ ਲਈ ਅਲੱਗ-ਅਲੱਗ ਵਿਸ਼ਾ ਮਾਹਿਰ ਲੇਖ ਲਿਖਦੇ ਹਨ ਅਖ਼ਬਾਰੀ ਲੇਖਾਂ ਵਿਚ ਲੇਖਕ ਵਿਸਥਾਰ ਵਿਚ ਤੱਥਾਂ ਦੀ ਵਿਆਖਿਆ ਆਪਣੇ ਨਜ਼ਰੀਏ ਤੋਂ ਕਰਦਾ ਹੈ ਜਿਸ ਕਾਰਨ ਇਸ ਦੀ ਸ਼ੈਲੀ ਗੰਭੀਰ ਹੁੰਦੀ ਹੈ ਸੋ ਇਸ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਅਖ਼ਬਾਰੀ ਜਗਤ ਵਿਚ ਅਖ਼ਬਾਰੀ ਲੇਖਾਂ ਦੀ ਆਪਣੀ ਮਹੱਤਤਾ ਹੈ ਇਹਨਾਂ ਨੂੰ ਅਖ਼ਬਾਰ ਦੀ ਰੂਹ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰਦੇ ਹਨ।

# ਅਖਬਾਰੀ ਲੇਖ ਨਮੂਨਾ

## ਘੱਟੋਂ-ਘੱਟ ਸਮਰਥਨ ਮੁੱਲ ਬਾਰੇ ਅੰਕੜਿਆਂ ਦੀ ਬਾਜ਼ੀਗਰੀ

**ਹਮੀਰ ਸਿੰਘ**

ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਅਤੇ ਘੱਟੋ-ਘੱਟ ਸਮਰਥਨ ਮੁੱਲ ਲਈ ਕਾਨੂੰਨੀ ਗਰੰਟੀ ਦੀ ਮੰਗ ਨੂੰ ਲੈ ਕੇ ਦੇਸ਼ ਭਰ ਵਿਚ ਫੈਲ ਰਹੇ ਕਿਸਾਨ ਅੰਦੋਲਨ ਦੇ ਖਿਲਾਫ਼ ਕਾਰਪੋਰੇਟ ਹਮਾਇਤੀ ਅਰਥ ਸ਼ਾਸਤਰੀ ਅੰਕੜਿਆਂ ਦੀ ਬਾਜ਼ੀਗਰੀ ਕਰ ਰਹੇ ਹਨ। ਫਰੇਬੀ ਤਰੀਕੇ ਨਾਲ ਸਹੀ ਤੱਥ ਲਕੋ ਕੇ ਅਤੇ ਤੱਥਾਂ ਦੀ ਮਨਘੜਤ ਵਿਆਖਿਆ ਰਾਹੀਂ ਕਿਸਾਨੀ ਮੰਗਾਂ ਮੰਨਣ ਦੀ ਕੇਂਦਰ ਸਰਕਾਰ ਦੀ ਹੈਸੀਅਤ ਹੀ ਨਾ ਹੋਣ ਦਾ ਬਿਰਤਾਂਤ ਲੰਮੇ ਸਮੇਂ ਤੋਂ ਸਿਰਜਿਆ ਜਾ ਰਿਹਾ ਹੈ। ਪਿਛਲੇ ਦਿਨਾਂ ਤੋਂ ਅਜਿਹੇ ਅਰਥ ਸ਼ਾਸ਼ਤਰੀਆਂ ਵੱਲੋਂ ਪੇਸ਼ ਕੀਤੇ ਜਾ ਰਹੇ ਅੰਕੜਿਆਂ ਦੇ ਮੁਕਾਬਲੇ ਸਾਹਮਣੇ ਲਿਟਾਂਦੇ ਤੱਥਾਂ ਦੇ ਜਵਾਬ ਨੇ ਉਨ੍ਹਾਂ ਦਾ ਮੂੰਹ ਬੰਦ ਕਰ ਦਿੱਤਾ ਹੈ। ਜਾਣੇ ਪਛਾਣੇ ਪੱਤਰਕਾਰ ਕਰਨ ਥਾਪਰ ਨੇ ਕਾਰਪੋਰੇਟ ਪੱਖੀ ਅਰਥਸ਼ ਸ਼ਾਸਤਰੀ ਅਸ਼ੋਕ ਗੁਲਾਟੀ ਅਤੇ ਉਸ ਦੇ ਤੱਥਾਂ ਨੂੰ ਝੁਠਲਾਉਣ ਵਾਲੀ ਰੀਤਿਕਾ ਖੇੜਾ ਨਾਲ ਕੀਤੀਆਂ ਮੁਲਾਕਾਤਾਂ ਇਸ ਦੀ ਮੂੰਹ ਬੋਲਦੀ ਤਸਵੀਰ ਹੈ।

ਸ਼ਾਂਤਾ ਕੁਮਾਰ ਕਮੇਟੀ ਨੇ 2015 'ਚ ਪੇਸ਼ ਕੀਤੀ ਰਿਪੋਰਟ 'ਚ 2012-13 ਦੇ ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ (ਐੱਨਐੱਸਐੱਸਓ) ਦੇ ਅੰਕੜਿਆਂ ਨੂੰ ਆਧਾਰ ਬਣਾ ਕੇ ਕਿਹਾ ਸੀ ਕਿ ਘੱਟੋ-ਘੱਟ ਸਮਰਥਨ ਮੁੱਲ ਦਾ ਲਾਭ ਦੇਸ਼ ਦੇ ਕੇਵਲ ਛੇ ਫੀਸਦ ਕਿਸਾਨਾਂ ਨੂੰ ਮਿਲਦਾ ਹੈ। ਇਸੇ ਨੂੰ ਅੱਗੇ ਵਧਾਉਂਦਿਆ ਅਸ਼ੋਕ ਗੁਲਾਟੀ ਆਪਣੇ ਲੇਖਾਂ 'ਚ ਮੁੜ ਮੁੜ ਇਸ ਬਿਰਤਾਂਤ ਨੂੰ ਪੁਖ਼ਤਾ ਕਰਨ ਲਈ ਕਹਿੰਦਾ ਰਿਹਾ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਦਾ ਫਾਇਦਾ ਕੇਵਲ ਛੇ ਫੀਸਦੀ ਕਿਸਾਨਾਂ, ਉਹ ਵੀ ਵੱਡੇ ਕਿਸਾਨਾਂ ਐਤ ਕੇਵਲ ਪੰਜਾਬ, ਹਰਿਆਣਾ ਤੇ ਕੁਝ ਹਿੱਸਾ ਪੱਛਮੀ ਯੂਪੀ ਦੇ ਕਿਸਾਨਾਂ ਨੂੰ ਹੀ ਹੋ ਰਿਹਾ ਹੈ। ਇਸੇ ਲਈ ਉਹ ਕਾਪਰੋਰੇਟ ਨਿਵੇਸ਼ ਦੇ ਨਾਮ ਉੱਤੇ ਖੇਤੀ ਨੂੰ ਖੁੱਲ੍ਹੀ ਮੰਡੀ ਦੇ ਹਵਾਲੇ ਕਰ ਦੇਣ ਦੀ ਜ਼ੋਰਦਾਰ ਵਕਾਲਤ ਕਰ ਰਿਹਾ ਹੈ। ਇਸ ਦੇ ਨਾਲ ਹੀ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੀ ਕਿਸਾਨਾਂ ਦੀ ਮੰਗ ਨੂੰ ਵੀ ਗੈਰ ਵਾਜਿਬ ਕਰਾਰ ਦਿੱਤਾ ਜਾਂਦਾ ਹੈ।

ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪਹਿਲਾਂ ਤਿੰਨ ਖੇਤੀ ਆਰਡੀਨੈਂਸਾਂ ਸਮੇਂ ਕਹੀ ਗੱਲ ਇੱਕ ਅਖ਼ਬਾਰ ਦੀ ਇੰਟਰਵਿਊ ਵਿਚ ਦੁਹਰਾਈ ਹੈ। ਉਸ ਨੇ ਹਿਕਾ ਹੈ ਕਿ ਦੇਸ਼ ਸਾਹਮਣੇ ਵਾਧੂ ਅਨਾਜ ਭੰਡਾਰ ਅਤੇ ਘੱਟੋ-ਘੱਟ ਸਮਰਥਨ ਮੁੱਲ ਦਾ ਕੌਮਾਂਤਰੀ ਅਤੇ ਕੌਮੀ ਮੰਡੀ ਨਾਲੋਂ ਕਾਫ਼ੀ ਵੱਧ ਹੋਣਾ ਵੱਡਾ ਸੰਕਟ ਬਣ ਕੇ ਖੜ੍ਹਾ ਹੈ। ਉਹ ਇਹ ਦੱਸਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਖੇਤੀ ਜਿਣਸਾਂ ਤੋਂ ਬਣਾਏ ਸਮਾਨ ਦੀ ਐੱਮਆਰਪੀ ਅਜਿਹਾ ਸੰਕਟ ਕਦੇ ਕਿਉਂ ਪੈਦਾ ਨਹੀਂ ਕਰਦੀ? ਉਸ ਨੂੰ ਆਮ ਲੋਕਾਂ ਦੀ ਪਹੁੰਚ ਵਿਚ ਰੱਖਣ ਲਈ ਸਰਕਾਰ ਕੋਈ ਕਦਮ ਕਿਉਂ ਨਹੀਂ ਉਠਾਉਂਦੀ? ਮੰਤਰੀ ਦਾ ਬਿਆਨ ਕੇਂਦਰ ਸਰਕਾਰ ਅਤੇ ਉਸ ਦੇ ਹਮਾਇਤੀ ਅਰਥ ਸ਼ਾਸਤਰੀਆਂ ਦੇ ਖੇਤੀ ਨੂੰ ਕਾਰਪੋਰੇਟ ਹਾਵਲੇ ਕਰਨ ਦੇ ਇਰਾਦਿਆਂ ਦੀ ਪੁਸ਼ਟੀ ਕਰਨ ਵਾਲਾ ਹੈ। ਇਸੇ ਵਾਸਤੇ ਕੇਂਦਰ ਸਰਕਾਰ ਇਹ ਕਹਿ ਰਹੀ ਹੈ ਕਿ ਕਾਨੂੰਨਾਂ ਵਿਚ ਸੋਧਾਂ ਜਿੰਨੀਆਂ ਮਰਜ਼ੀ ਕਰਵਾ ਲਵੋ ਪਰ ਕਾਨੂੰਨ ਵਾਪਸੀ ਦੀ ਗੱਲ ਛੱਡ ਦਿੱਤੀ ਜਾਵੇ। ਜਿਸ ਨਾਲ ਕਾਰਪੋਰੇਟਾਂ ਦੇ ਖੇਤਾਂ ਤੱਕ ਜਾਣ ਅਤੇ ਰਾਜਾਂ ਦੇ ਅਧਿਕਾਰਾਂ ਨੂੰ ਹੜੱਪ ਕੇ ਕੇਂਦਰ ਕੋਲ ਖੇਤੀ ਖੇਤਰ ਵਿਚ ਵੀ ਕਾਨੂੰਨ ਬਣਾਉਣ ਦਾ ਰਾਹ ਹੜੱਪ ਦੇ ਕੇਂਦਰ ਕੋਲ ਖੇਤੀ ਖੇਤਰ ਵਿਚ ਵੀ ਕਾਨੂੰਨ ਬਣਾਉਣ ਦਾ ਰਾਹ ਖੁੱਲ੍ਹ ਜਾਵੇਗਾ।

ਕਾਰਪੋਰੇਟ ਹਮਾਇਤੀਆਂ ਦੇ ਅੰਕੜਿਆਂ ਦਾ ਫਰਾਡ ਰਿਤਿਕਾ ਖੇੜਾ ਅਤੇ ਉਨ੍ਹਾਂ ਦੇ ਸਾਥੀਆਂ ਦੇ ਅਧਿਐਨ ਤੋਂ ਸਾਫ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਹਰੀਸ਼ ਦਮੋਦਰਨ ਦੀ ਲਿਖਤ ਵੀ ਇਸ ਦਿਸ਼ਾ ਵੱਲ ਵੱਡੇ ਇਸ਼ਾਰੇ ਕਰ ਚੁੱਕੀ ਹੈ। ਕੇਂਦਰ ਸਰਕਾਰ ਨੇ 1997-98 ਤੋਂ ਫਸਲ ਖਰੀਦ ਦੇ ਵਿਕੇਂਦਰੀਕਰਨ ਦੀ ਨੀਤੀ ਲਾਗੂ ਕੀਤੀ। ਇਸ ਤਹਿਤ ਸੂਬੇ ਘੱਟੋ-ਘੱਟ ਸਮਰਥਨ ਮੁੱਲ ਉੱਤੇ ਫਸਲਾਂ ਦੀ ਖਰੀਦ ਕਰ ਸਕਦੇ ਹਨ ਅਤੇ ਬਾਅਦ ਵਿਚ ਕੇਂਦਰ ਸਰਕਾਰ ਉਨ੍ਹਾਂ ਦੇ ਪੈਸੇ ਦਾ ਭੁਗਤਾਨ ਕਰ ਦਿੰਦੀ ਹੈ। ਲਗਭਗ 2005 ਤੱਕ ਤਾਂ ਇਸ ਨੀਤੀ ਵੱਲ ਜ਼ਿਆਦਾ ਸੂਬਿਆਂ ਨੇ ਗੌਰ ਨਹੀਂ ਕੀਤੀ। ਜੁਲਾਈ 2015 ਤੋਂ ਲਗਭਗ 15 ਰਾਜਾਂ ਨੇ ਇਸ ਦਿਸ਼ਾ ਵੱਲ ਅਮਲ ਸ਼ੁਰੂ ਕਰ ਦਿੱਤਾ। 200 ਤੱਕ ਤਾਂ ਪੰਜਾਬ, ਹਰਿਆਣਾ ਅਤੇ

ਪੱਛਮੀ ਯੂਪੀ ਤੋਂ ਬਾਹਰੋਂ ਕੇਵਲ 10 ਫੀਸਦ ਕਣਕ ਅਤੇ ਝੋਨਾ ਹੀ ਖਰੀਦਿਆ ਜਾਣ ਲੱਗਾ ਸੀ। 2012-13 ਤੱਕ ਵਿਕੇਂਦਰਤ ਖਰੀਦ ਵਾਲੇ ਰਾਜਾਂ ਦਾ ਖਰੀਦ ਦਾ ਹਿੱਸਾ ਵਧ ਕੇ 25 ਤੋਂ 35 ਫੀਸਦ ਤੱਕ ਹੋ ਗਿਆ ਸੀ। ਝੋਨੇ ਦੇ ਮਾਮਲੇ ਵਿਚ ਛਤੀਸਗੜ੍ਹ ਤੇ ਉੜੀਸਾ ਸਭ ਤੋਂ ਅੱਗੇ ਰਹੇ ਅਤੇ ਦੋਵੇਂ ਰਾਜਾਂ ਨੇ ਦੇਸ਼ ਵਿਚ ਝੋਨੇ ਤੇ ਕਣਕ ਦੀ ਕੁੱਲ ਖਰੀਦ ਵਿਚੋਂ ਦਸ ਦਸ ਫੀਸਦ ਹਿੱਸਾ ਖਰੀਦਣਾ ਸ਼ੁਰੂ ਕਰ ਦਿੱਤਾ ਸੀ।

ਕਣਕ ਮੱਧ ਪ੍ਰਦੇਸ਼ ਨੇ ਵੱਡੇ ਪੈਮਾਨੇ ਉੱਤੇ ਖਰੀਦਣੀ ਸ਼ੁਰੂ ਕਰ ਦਿੱਤੀ। 2020-21 ਦੇ ਸੀਜ਼ਨ ਦੌਰਾਨ ਮੱਧ ਪ੍ਰਦੇਸ਼ ਘੱਟੋ-ਘੱਟ ਸਮਰਥਨ ਮੁੱਲ ਉੱਤੇ ਕਣਕ ਦੀ ਖਰੀਦ ਵਿਚ ਪੰਜਾਬ ਨੂੰ ਵੀ ਮਾਤ ਦੇ ਗਿਆ। ਜੇ ਖੇਤੀ ਕਰਨ ਵਾਲੇ ਪਰਿਵਾਰਾਂ ਵਿਚੋਂ ਦੇਖਿਆ ਜਾਵੇ ਤਾਂ ਘੱਟੋ-ਘੱਟ ਸਮਰਥਨ ਮੁੱਲ ਉੱਤੇ ਕਣਕ ਵੇਚਣ ਵਾਲੇ ਕੁੱਲ ਕਿਸਾਨ ਪਰਿਵਾਰਾਂ ਵਿਚੋਂ 33 ਫੀਸਦ ਮੱਧ ਪ੍ਰਦੇਸ਼, 22 ਫੀਸਦ ਪੰਜਾਬ ਅਤੇ 18 ਫੀਸਦ ਹਿੱਸਾ ਹਰਿਆਣਾ ਦਾ ਹੈ। ਝੋਨੇ ਦੀ ਖਰੀਦ ਦੇ ਮਾਮਲੇ ਵਿਚ ਘੱਟੋ-ਘੱਟ ਸਮਰਥਨ ਮੁੱਲ ਉੱਤੇ ਵੇਚਣ ਵਾਲੇ ਕੁੱਲ ਪਰਿਵਾਰਾਂ ਵਿਚੋਂ ਪੰਜਾਬ ਦਾ ਹਿੱਸਾ 9 ਫੀਸਦ, ਹਰਿਆਣਾ ਦਾ 7 ਫੀਸਦ, ਉੜੀਸਾ 11 ਫੀਸਦ ਅਤੇ ਛਤੀਸਗੜ੍ਹ ਦਾ 33 ਫੀਸਦ ਹੈ।

ਕੇਵਲ ਵੱਡੇ ਕਿਸਾਨਾਂ ਨੂੰ ਹੀ ਲਾਭ ਹੋਣ ਦੇ ਕਾਰਪੋਰੇਟ ਹਮਾਇਤੀਆਂ ਦੇ ਅੰਕੜਿਆਂ ਨੂੰ ਸਰਕਾਰੀ ਅੰਕੜੇ ਹੀ ਝੁਠਲਾਉਂਦੇ ਹਨ। ਝੋਨਾ ਵੇਚਣ ਵਾਲੇ ਕਿਸਾਨਾਂ ਵਿਚੋਂ 10 ਹੈਕਟੇਅਰ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਦੀ ਗਿਣਤੀ ਇਕ ਫੀਸਦ ਬਣਦੀ ਹੈ। ਦੋ ਹੈਕਟੇਅਰ ਤੋਂ ਘੱਟ ਵਾਲੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਗਿਣਤੀ 70 ਫੀਸਦ ਹੈ। ਬਾਕੀ 29 ਫੀਸਦ ਕਿਸਾਨ ਪਰਿਵਾਰ 2 ਤੋਂ 20 ਹੈਕਟੇਅਰ ਦੇ ਵਿਚਕਾਰ ਵਾਲੇ ਹਨ। ਕਣਕ ਦੇ ਮਾਮਲੇ ਵਿਚ 3 ਫੀਸਦ ਕਿਸਾਨ ਵੱਡੇ ਹਨ ਤੇ 56 ਫੀਸਦ ਛੋਟੇ ਅਤੇ ਸੀਮਾਂਤ ਪਰਿਵਾਰ ਸਮਰਥਨ ਮੁੱਲ ਉੱਤੇ ਵੇਚਣ ਵਾਲਿਆਂ ਵਿਚ ਸ਼ਾਮਿਲ ਹਨ। ਝੋਨੇ ਦੀ ਵਿਕਰੀ ਵਾਲਿਆਂ ਵਿਚ ਪੰਜਾਬ ਵਿਚ 38 ਫੀਸਦ ਅਤੇ ਹਰਿਆਣਾ ਵਿਚ 58 ਫੀਸਦ ਹਿੱਸਾ ਛੋਟੇ ਤੇ ਸੀਮਾਂਤ ਕਿਸਾਨਾਂ ਦਾ ਹੈ। ਦੇਸ਼ ਦੇ 1 ਕਰੋੜ 10 ਲੱਖ ਕਿਸਾਨਾਂ ਨੂੰ ਝੋਨੇ ਅਤੇ 40 ਲੱਖ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਉੱਤੇ ਕਣਕ ਵੇਚਣ ਦਾ ਲਾਭ ਮਿਲ ਰਿਹਾ ਹੈ। ਇਸ ਤਰ੍ਹਾਂ ਕਰੀਬ 35 ਫੀਸਦ ਕਿਸਾਨਾਂ ਨੂੰ ਇਸ ਦਾ ਲਾਭ ਮਿਲਦਾ ਹੈ। ਇਨ੍ਹਾਂ ਵਿਚ ਕੁਝ ਕਿਸਾਨ ਦਾਲਾਂ, ਤੇਲ ਬੀਜ, ਕਪਾਹ ਆਦਿ ਵੇਚਣ ਵਾਲੇ ਵੀ ਸ਼ਾਮਿਲ ਹਨ।

ਕਾਰਪੋਰੇਟ ਹਮਾਇਤੀ 2012-13 ਤੋਂ ਅਗਲੇ ਸੱਤ ਸਾਲ ਦੇ ਅੰਕੜੇ ਜਾਣ ਬੁੱਝ ਕੇ ਪੇਸ਼ ਨਹੀਂ ਕਰ ਰਹੇ, ਕਿਉਂਕਿ ਇਹ ਉਨ੍ਹਾਂ ਦੇ ਆਪੇ ਬਣਾਏ ਖਾਕੇ ਦੇ ਖ਼ਿਲਾਫ਼ ਭੁਗਤਦੇ ਹਨ। ਗੁਲਾਟੀ ਦਾ ਤਰਕ ਹੈ ਕਿ ਦੇਸ਼ ਦੇ 86 ਫੀਸਦ ਕਿਸਾਨ ਛੋਟੇ ਤੇ ਸੀਮਾਂਤ ਹਨ ਅਤੇ ਪ੍ਰਾਈਵੇਅ ਵਪਾਰੀ ਸਮਰਥਨ ਮੁੱਲ ਉੱਤੇ ਫਸਲਾਂ ਨਹੀ ਖਰੀਦਣਗੇ। ਇਹੀ ਦਲੀਲ ਤਾਂ ਕਿਸਾਨ ਦੇ ਰਹੇ ਹਨ ਕਿ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਤੋਂ ਹੱਥ ਖਿੱਚਣਾ ਚਾਹੁੰਦੀ ਹੈ। ਪਿਛਲੇ ਦਿਨੀਂ ਇਹ ਤੱਥ ਵੀ ਪੇਸ਼ ਕੀਤੇ ਗਏ ਹਨ ਕਿ ਸਰਕਾਰੀ ਦਸਤਾਵੇਜ਼ਾਂ ਅਨੁਸਾਰ ਜੋ ਘੱਟੋ-ਘੱਟ ਸਮਰਥਨ ਮੁੱਲ ਉੱਤੇ ਸਾਰੀਆਂ ਫਸਲਾਂ ਦੀ ਖਰੀਦ ਦੀ ਕਾਨੂੰਨੀ ਗਰੰਟੀ ਦੇ ਦਿੱਤੀ ਜਾਵੇ ਤਾਂ ਦੇਸ਼ ਦਾ ਅੱਧਾ ਬਜਟ, ਭਾਵ ਕਰੀਬ 17 ਲੱਖ ਕਰੋੜ ਰੁਪਏ ਚਾਹੀਦੇ ਹਨ। ਇਹ ਦਲੀਲ ਵੀ ਗੁਮਰਾਕੁਨ ਹੈ।

ਕਿਸਾਨ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦ ਦੀ ਗਰੰਟੀ ਕਰਨ ਦੀ ਮੰਗ ਕਰ ਰਹੀ ਹਨ। ਜ਼ਰੂਰੀ ਨਹੀਂ ਕਿ ਸਾਰਾ ਅਨਾਜ ਅਤੇ ਹਰ ਫਸਲ ਸਰਕਾਰ ਖਰੀਦੇਗੀ। ਕਿਸੇ ਵੀ ਕਾਰਪੋਰੇਟ ਜਾਂ ਹੋਰ ਪ੍ਰਾਈਵੇਟ ਵਪਾਰੀ ਉੱਤੇ ਸਮਰਥਨ ਮੁੱਲ ਤੋਂ ਘੱਟ ਖਰੀਦਣ ਤੇ ਪਾਬੰਦੀ ਹੋਵੇਗੀ ਜਾਂ ਫਿਰ ਜਿੰਨੇ ਘੱਟ ਉੱਤੇ ਸਬੰਧਿਤ ਫਰਮ ਖਰੀਦੇਗੀ ਉਸ ਦੀ ਭਰਪਾਈ ਦੀ ਜ਼ਿੰਮੇਵਾਰੀ ਸਰਕਾਰ ਨੇ ਲੈਣੀ ਹੈ। ਸਰਦਾਰ ਨੂੰ ਪੂਰੀ ਕੀਮਤ ਨਹੀਂ ਬਲਕਿ ਮੰਡੀ ਅਤੇ ਸਮਰਥਨ ਮੁੱਲ ਵਿਚਲੇ ਅੰਤਰ ਦੇ ਬਰਾਬਰ ਖਰਚ ਕਰਨਾ ਪਵੇਗਾ। ਕੇਰਲ ਦੀ ਸਰਕਾਰ ਨੇ ਹਾਲ ਹੀ ਵਿਚ 16 ਸਬਜ਼ੀਆਂ ਅਤੇ ਫਲਾਂ ਦੀ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦ ਦਾ ਕਾਨੂੰਨ ਬਣਾਇਆ ਹੈ। ਇਹ ਸਾਰਾ ਸਮਾਨ ਸਰਕਾਰ ਨਹੀਂ ਖਰੀਦਦੀ ਪਰ 35 ਕਰੋੜ ਰੁਪਏ ਰੱਖੇ ਹਨ ਤਾਂ ਕਿ ਕੀਮਤ ਡਿੱਗ ਤੇ ਉਹ ਪੈਸਾ ਕਿਸਾਨਾਂ ਦੀ ਆਮਦਨ ਵਜੋਂ ਦਿੱਤਾ ਜਾ ਸਕੇ। ਜਦੋਂ ਕਾਰਪੋਰੇਟ ਕੰਪਨੀ ਨਾਲ ਐੱਮਓਯੂ ਕੀਤਾ ਜਾਂਦਾ ਹੈ ਤਾਂ ਹਰ ਤਰ੍ਹਾਂ ਦੀ ਗਰੰਟੀ ਕਰਨ ਵਿਚ ਸਰਕਾਰ ਨੂੰ ਕੋਈ ਦਿੱਕਤ ਨਹੀਂ ਆਉਂਦੀ। ਮਿਸਾਲ ਵਜੋਂ ਪੰਜਾਬ ਦੇ ਤਿੰਨ ਥਰਮਲ ਬੰਦ ਵੀ ਰਹਿੰਦੇ ਹਨ ਤਾਂ ਵੀ ਕਰੋੜਾਂ ਰੁਪਏ ਅਦਾ ਕਰਨ ਦੇ ਕੀਤੇ ਸਮਝੌਤੇ ਪੰਜਾਬੀਆਂ ਦਾ ਗਲ ਘੁੱਟ ਕੇ ਵੀ ਲਾਗੂ ਕੀਤੇ ਜਾ ਰਹੇ ਹਨ।

2019-20 ਦੌਰਾਨ ਭਾਰਤੀ ਖੁਰਾਕ ਨਿਗਮ (ਐੱਫਸੀਆਈ) ਦਾ ਕਣਕ-ਝੋਨੇ ਦੀ ਖਰੀਦ ਅਤੇ ਹੋਰ ਖਰਚ ਬਾਰੇਸੋਧਿਆ ਬਜਟ 1.79 ਲੱਖ ਕਰੋੜ ਰੁਪਏ ਦਾ ਹੈ। ਇਸ ਵਿਚ 1.39 ਲੱਖ ਕਰੋੜ ਰੁਪਏ ਖੁਰਾਕ ਗਰੰਟੀ ਕਾਨੂੰਨ ਤਹਿਤ

ਸਬਸਿਡੀ ਦਾ ਬਣਦਾ ਹੈ। ਕੀ ਸਰਕਾਰ ਜਨਤਕ ਵੰਡ ਪ੍ਰਣਾਲੀ ਤਹਿਤ ਦਿੱਤੇ ਜਾਣ ਵਾਲੇ ਸਸਤੇ ਅਨਾਜ ਤੋਂ ਵੀ ਪਿੱਛੇ ਹਟਣ ਦਾ ਇਰਾਦਾ ਰੱਖਦੀ ਹੈ? ਜੇ ਅਜਿਹਾ ਹੋਇਆ ਤਾਂ ਦੇਸ਼ ਦੀ 67 ਫੀਸਦ ਜਨਤਾ ਕੀ ਕਰੇਗੀ? ਲਗਭਗ 14 ਕਰੋੜ ਕਿਸਾਨ ਪਰਿਵਾਰ ਅਤੇ ਇਨ੍ਹਾਂ ਨਾਲ ਜੁੜੇ ਪਰਿਵਾਰਕ ਮੈਂਬਰ 60 ਕਰੋੜ ਤੋਂ ਵੱਧ ਦੀ ਗਿਣਤੀ ਹੈ। ਪਜੰਾਹ ਫੀਸਦ ਦੇ ਕਰੀਬ ਲੋਕਾਂ ਦੀ ਰੋਜ਼ੀ ਰੋਟੀ ਸਿੱਧੇ ਤੌਰ ਤੇ ਅੱਜ ਵੀ ਖੇਤੀ ਉੱਤੇ ਨਿਰਭਰ ਹੈ। ਜੇ ਕਾਰਪੋਰੇਟਾਂ ਦੇ ਲੱਖਾਂ ਕਰੋੜਾਂ ਰੁਪਏ ਵੱਟਾ-ਖਾਤਾ (ਨਾਨ-ਪਰਫਾਰਮਿੰਗ ਅਸੈੱਟਸ) ਕਹਿ ਕੇ ਮੁਆਫ਼ ਕੀਤੇ ਜਾ ਸਕਦੇ ਹਨ ਤਾਂ ਇੰਨੇ ਵੱਡੇ ਵਰਗ ਲਈ ਮੁਆਫ਼ੀ ਨਹੀਂ ਬਲਕਿ ਉਸ ਦੀ ਉਪਜ ਖਰੀਦ ਉੱਤੇ ਪੈਸਾ ਖਰਚ ਕਰਨ ਦੀ ਕਾਨੂੰਨੀ ਗਰੰਟੀ ਕਿਉਂ ਨਹੀਂ ਕੀਤੀ ਜਾ ਸਕਦੀ ?

ਖੇਤੀ ਵਿਚੋਂ ਬੰਦੇ ਬਾਹਰ ਕੱਢ ਕੇ ਉਦਸੋਗਾਂ ਜਾਂ ਹੋਰ ਖੇਤਰਾਂ ਵਿਚ ਲਿਜਾਣ ਦਾ ਮੁਹਾਵਰਾ ਪੁਰਾਣਾ ਹੋ ਚੁੱਕਆ ਹੈ। ਕਿਸਾਨੀ ਨਾਲ ਚਤੁਰਾਈ ਦੀ ਕੋਸ਼ਿਸ਼ ਮਹਿੰਗੀ ਪਵੇਗੀ। ਇਸੇ ਚਤੁਰਾਈ ਅਤੇ ਕਾਰਪੋਰੇਟ ਲਾਲਚ ਨੇ ਕੁਦਰਤੀ ਸਾਧਨਾਂ ਦਾ ਸ਼ੋਸ਼ਣ ਕੀਤਾ ਹੈ ਅਤੇ ਇਨਸਾਨੀ ਸ਼ੋਸ਼ਣ ਖਤਰਨਾਕ ਹੱਕ ਤੱਕ ਵਧਾ ਦਿੱਤਾ ਹੈ। ਅਜਿਹੇ ਮੌਕੇ ਕਿਸਾਨ ਅੰਦੋਲਨ ਲਾਲਚ, ਨਫ਼ਰਤ ਤੇ ਹੰਕਾਰ ਦੇ ਮੁਕਾਬਲੇ ਇਨਸਾਨੀਅਤ, ਬਰਾਬਰੀ ਤੇ ਆਪਸੀ ਭਾਈਚਾਰੇ ਦਾ ਸੱਦਾ ਦੇ ਰਿਹਾ ਹੈ। ਇਸ ਵਿਚੋਂ ਰਾਜਾਂ ਨੂੰ ਵੱਧ ਅਧਿਕਾਰ, ਗੁਆਂਢੀ ਦੇਸ਼ਾਂ ਨਾਲ ਦੋਸਤੀ ਅਤੇ ਲੋਕਾਂ ਦੀ ਫੈਸਲਾਕੁਨ ਹਿੱਸੇਦਾਰੀ ਵੱਲ ਗੱਲ ਅੱਗੇ ਤੁਰੇਗੀ। ਇਸ ਸਾਹਮਣੇ ਝੁਕਣ ਨਾਲ ਹੁਕਮਰਾਨ ਛੋਟੇ ਨਹੀਂ ਬਲਕਿ ਵੱਕਾਰ ਦਾ ਕੁਝ ਨਾ ਕੁਝ ਬਚਾਅ ਹੀ ਕਰ ਸਕਦੇ ਹਨ, ਕਿਉਂਕਿ ਇਹ ਧਰਤੀ ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ ਦੀ ਵਿਚਾਰਧਾਰਕ ਵਿਰਾਸਤ ਨਾਲ ਜੁੜੀ ਹੋਈ ਹੈ।

## ਪ੍ਰੈਸ ਰਿਪੋਰਟ

ਪ੍ਰੈਸ ਰਿਪੋਰਟ ਅੱਜ ਕੱਲ੍ਹ ਦੀ ਪੱਤਰਕਾਰੀ ਵਿਚ ਖ਼ਬਰਾਂ ਦੇਣ ਅਤੇ ਖ਼ਬਰਾਂ ਪ੍ਰਾਪਤ ਕਰਨ ਦੀ ਸਸਤਾ ਅਤੇ ਲੋਕਪ੍ਰਿਯ ਸਾਧਨ ਹੈ। ਇਸ ਵਿਚ ਕਿਸੇ ਸੰਸਥਾ ਜਾਂ ਪਾਰਟੀ ਦੁਆਰਾ ਆਪਣੀਆਂ ਯੋਜਨਾਵਾਂ, ਫੈਸਲਿਆਂ ਬਾਰੇ ਲਿਖਤੀ ਜਾਂ ਟਾਇਪ ਰੂਪ ਵਿਚ ਜਾਣਕਾਰੀ ਦਿੱਤੀ ਗਈ ਹੁੰਦੀ ਹੈ ਜਿਸ ਤੋਂ ਅੱਗੇ ਰਿਪੋਰਟਰ ਪ੍ਰੈਸ ਰਿਪੋਰਟ ਤਿਆਰ ਕਰਕੇ ਖ਼ਬਰਾਂ ਲਈ ਸਮੱਗਰੀ ਕੱਢਦਾ ਹੈ ਇਸ ਵਿਚ ਸਰਕਾਰ ਦੁਆਰਾ ਲਏ ਗਏ ਫੈਸਲਿਆਂ ਬਾਰੇ ਵੀ ਜਾਣਕਾਰੀ ਹੋ ਸਕਦੀ ਹੈ ਇਸ ਵਿਚ ਸਰਕਾਰਾਂ ਜਾਂ ਕੰਪਨੀਆਂ ਆਪਣੇ ਫੈਸਲਿਆਂ ਜਾਂ ਯੋਜਨਾਵਾਂ ਦੀ ਮਸ਼ਹੂਰੀ ਕਰਦੀਆਂ ਹਨ ਅਤੇ ਪ੍ਰਚਾਰ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਪ੍ਰੰਤੂ ਕਿਸੇ ਵੀ ਅਖ਼ਬਾਰ ਦੇ ਰਿਪੋਰਟਰ ਨੇ ਪ੍ਰੈਸ ਰਿਪੋਰਟ ਤਿਆਰ ਕਰਨ ਸਮੇਂ ਇਹ ਦੇਖਣਾ ਹੁੰਦਾ ਹੈ ਕਿ ਇਸ ਵਿਚ ਖ਼ਬਰ ਬਣਨ ਲਈ ਸਮੱਗਰੀ ਕਿੰਨੀ ਕੁ ਮਹੱਤਵਪੂਰਨ ਹੈ ਅਸਲ ਵਿਚ ਪ੍ਰੈਸ ਰਿਪੋਰਟ ਰਿਪੋਰਟਰਾਂ ਜਾਂ ਨਿਊਜ਼ ਏਜੰਸੀਆਂ ਦੁਆਰਾ ਤਿਆਰ ਉਹ ਸਮੱਗਰੀ ਹੁੰਦੀ ਹੈ ਜੋ ਸਹੀ ਤੇ ਸਪੱਸ਼ਟ ਰੂਪ ਵਿਚ ਜਨਤਾ ਤੱਕ ਪਹੁੰਚਾਈ ਜਾਣੀ ਹੁੰਦੀ ਹੈ ਪ੍ਰੈਸ ਰਿਪੋਰਟ ਕੱਚੀ ਸਮੱਗਰੀ ਹੁੰਦੀ ਹੈ ਇਸ ਤੋਂ ਅੱਗੇ ਖ਼ਬਰ ਤਿਆਰ ਕਰਨੀ ਹੁੰਦੀ ਹੈ ਇਹ ਅੱਗੇ ਰਿਪੋਰਟਰ ਦੇ ਹੱਥ ਹੁੰਦਾ ਹੈ ਕਿ ਉਹ ਪ੍ਰੈਸ ਰਿਪੋਰਟ ਤੋਂ ਕਿਸ ਤਰ੍ਹਾਂ ਖ਼ਬਰ ਤਿਆਰ ਕਰਦਾ ਹੈ ਕਿਉਂਕਿ ਖ਼ਬਰ ਲਿਖਣਾ ਵੀ ਕਲਾ ਹੈ ਜਿਸ ਲਈ ਪੱਤਰਕਾਰ ਨੂੰ ਲਗਾਤਾਰ ਅਭਿਆਸ ਦੀ ਲੋੜ ਹੁੰਦੀ ਹੈ ਖ਼ਬਰ ਤਿਆਰ ਕਰਨ ਲਈ ਖਬਰ ਤਿਆਰੀ ਬਾਰੇ ਤੇ ਭਾਸ਼ਾ ਬਾਰੇ ਜਾਣਕਾਰੀ ਦੀ ਲੋੜ ਹੁੰਦੀ ਹੈ ਤਾਂ ਜੋ ਖ਼ਬਰ ਪ੍ਰਭਾਵਸ਼ਾਲੀ ਬਣ ਸਕੇ।

## ਸਹਾਇਕ ਪੁਸਤਕ ਸੂਚੀ

ਆਸ਼ਾ ਸ਼ਰਮਾ, ਐਮ.ਪੀ. ਕੋਹਲੀ, ਸਮਾਚਾਰ ਪ੍ਰਣਾਲੀ ਤੇ ਸੰਪਾਦਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਹਰਜਿੰਦਰ ਵਾਲੀਆ (ਡਾ.), ਪਾਰੁਲ ਰਾਏਜ਼ਾਦਾ, ਪੱਤਰਕਾਰੀ ਤੇ ਜਨ-ਸੰਚਾਰ, ਮਦਾਨ ਪਬਲਿਸ਼ਿੰਗ ਹਾਊਸ, ਪਟਿਆਲਾ, 2014

ਹਰਜਿੰਦਰ ਵਾਲੀਆ (ਡਾ.), ਭੁਪਿੰਦਰ ਬਤਰਾ, ਸੰਚਾਰ, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2005

ਕਮਲ ਜੀਤ ਸਿੰਘ (ਡਾ.), ਮਲਟੀ ਮੀਡੀਆ ਅਤੇ ਅਨੁਵਾਦ-ਕਲਾ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2013
ਗੁਰਮੀਤ ਸਿੰਘ ਮਾਨ, ਪੱਤਰਕਾਰੀ ਦੇ ਮੂਲ ਸਿਧਾਂਤ, ਮਦਾਨ ਪਬਲੀਸ਼ਰਜ਼, ਪਟਿਆਲਾ, 1996

ਡਾ. ਸਟਾਲਿਨਜੀਤ ਸਿੰਘ ਬਰਾੜ

ਸਹਾਇਕ ਪ੍ਰੋਫ਼ੈਸਰ,

ਬਾਬਾ ਫ਼ਰੀਦ ਕਾਲਜ, ਬਠਿੰਡਾ।

## ਭੂਮਿਕਾ

ਇੰਟਰਨੈੱਟ ਦੇ ਆਉਣ ਨਾਲ ਗਿਆਨ ਪਰੰਪਰਾਵਾਂ ਵਿੱਚ ਵੱਡੀਆਂ ਤਬਦੀਲੀਆਂ ਆਈਆਂ। ਪੰਜਾਬੀ ਭਾਸ਼ਾ ਵਿਚ ਇਸ ਸਮੇਂ ਬਹੁਤ ਵੈੱਬਸਾਇਟਾਂ ਹਨ ਜੋ ਗਿਆਨ ਉਤਪਾਦਨ, ਗਿਆਨ ਪ੍ਰਬੰਧਨ ਅਤੇ ਗਿਆਨ ਸੰਚਾਰ ਦਾ ਕਾਰਜ ਕਰ ਰਹੀਆਂ ਹਨ। ਇਹਨਾਂ ਵੈੱਬਸਾਇਟਾਂ ਨੂੰ ਪੰਜਾਬੀ ਅਧਿਐਨ ਅਤੇ ਅਧਿਆਪਨ ਵਿੱਚ ਸ਼ਾਮਲ ਕਰਨਾ ਸਮੇਂ ਦੀ ਮੁੱਖ ਲੋੜ ਬਣ ਗਿਆ ਹੈ। ਪੰਜਾਬੀ ਵਿਕੀਪੀਡੀਆ ਪੰਜਾਬੀ ਦੀਆਂ ਪ੍ਰਮੁੱਖ ਵੈਬਸਾਇਟਾਂ ਵਿੱਚੋਂ ਇੱਕ ਹੈ। ਇਸ ਨੋਟਸ ਵਿੱਚ ਅਸੀਂ ਵਿਕੀਪੀਡੀਆ ਦੇ ਜਨਮ, ਪੰਜਾਬੀ ਵਿਕੀਪੀਡੀਆ ਦੇ ਜਨਮ, ਵਿਕਾਸ ਅਤੇ ਇਸ ਦੀ ਵਰਤਮਾਨ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ। ਇਸ ਤੋਂ ਇਲਾਵਾ ਇਸ ਨੋਟਸ ਵਿੱਚ ਪੰਜਾਬੀ ਵਿਕੀਪੀਡੀਆ ਦੀਆਂ ਨੀਤੀਆਂ, ਇਸ ਦੀ ਕੰਮ ਕਰਨ ਦੀ ਵਿਧੀ, ਇੰਦਰਾਜ ਦਿੱਖ, ਮੋਬਾਇਲ ਐਪਲੀਕੇਸ਼ਨ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ।

## 1. ਜਾਣ-ਪਛਾਣ

ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਵਿੱਚ ਆਈ ਡਿਜੀਟਲ ਕ੍ਰਾਂਤੀ ਨੇ ਟੈਲੀਵਿਜ਼ਨ, ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਦੇ ਕਈ ਸਰੋਤਾਂ ਰਾਹੀਂ ਮਨੁੱਖ ਦੇ ਘਰ ਤੱਕ ਗਿਆਨ ਦੀ ਸੌਖੀ ਪਹੁੰਚ ਕਰ ਦਿੱਤੀ ਸੀ। ਇੰਟਰਨੈੱਟ ਇਸੇ ਸਮੇਂ ਪ੍ਰਚਲਿਤ ਹੋਇਆ ਅਤੇ ਮਨੁੱਖ ਨੂੰ ਦੁਨੀਆਂ ਦੇ ਗਿਆਨ ਸਰੋਤਾਂ ਦੇ ਦਰਵਾਜ਼ਿਆਂ 'ਤੇ ਲਿਆ ਕੇ ਖੜਾ ਕਰ ਦਿੱਤਾ। ਇੰਟਰਨੈੱਟ ਨਾਲ ਮਨੁੱਖ ਦੀ ਹੋਰ ਗਿਆਨ ਸਰੋਤਾਂ 'ਤੇ ਨਿਰਭਰਤਾ ਘੱਟ ਗਈ। ਇੱਕੀਵੀਂ ਸਦੀ ਦੀ ਸ਼ੁਰੂਆਤ ਤੱਕ ਇੰਟਰਨੈੱਟ ਗਿਆਨ ਪ੍ਰਾਪਤੀ ਦਾ ਵੱਡਾ ਸਾਧਨ ਬਣ ਗਿਆ ਅਤੇ ਹਰ ਵਿਅਕਤੀ ਦੇ ਜੀਵਨ ਦਾ ਅਹਿਮ ਹਿੱਸਾ ਬਣ ਗਿਆ। ਇੰਟਰਨੈੱਟ ਦੀ ਆਮਦ ਤੋਂ ਬਾਅਦ ਗਿਆਨ ਦੇ ਉਤਪਾਦਨ, ਸੰਭਾਲ ਅਤੇ ਸੰਚਾਰ ਦੀਆਂ ਵਿਧੀਆਂ ਵਿੱਚ ਇਨਕਲਾਬੀ ਤਬਦੀਲੀਆਂ ਆਈਆਂ। ਸਦੀਆਂ ਤੋਂ ਚੱਲੀ ਆ ਰਹੀ ਗਿਆਨ ਪਰੰਪਰਾ ਆਪਣਾ ਰੂਪ ਵਟਾ ਕੇ ਪ੍ਰਿੰਟ ਤੋਂ ਇਲੈਕਟ੍ਰੋਨਿਕ ਰੂਪ ਵਿੱਚ ਤਬਦੀਲ ਹੋਣ ਲੱਗੀ। ਇੰਟਰਨੈੱਟ ਦੇ ਆਉਣ ਨਾਲ ਗਿਆਨ ਦੇ ਉਤਪਾਦਨ, ਸੰਭਾਲ ਅਤੇ ਸੰਚਾਰ ਦੇ ਨਵੇਂ ਪਲੇਟਫਾਰਮ ਗੂਗਲ, ਯੂਟਿਊਬ, ਵੈੱਬਸਾਇਟਾਂ, ਬਲੌਗ ਆਦਿ ਹੋਂਦ ਵਿੱਚ ਆਏ। ਵੱਖ-ਵੱਖ ਸੰਸਥਾਵਾਂ/ਅਦਾਰਿਆਂ ਨੇ ਇੰਟਰਨੈੱਟ ਯੁਗ ਦੇ ਹਾਣ ਦਾ ਹੋਣ ਲਈ ਆਪਣੀਆਂ ਗਿਆਨ ਪਰੰਪਰਾਵਾਂ ਵਿੱਚ ਗੌਲਣਯੋਗ ਤਬਦੀਲੀਆਂ ਲਿਆਂਦੀਆਂ। ਮੁੱਢਲੇ ਦੌਰ ਵਿੱਚ ਵੱਖ-ਵੱਖ ਅਦਾਰਿਆਂ/ਸੰਸਥਾਵਾਂ ਨੇ ਪੁਸਤਕਾਂ ਦੇ ਰੂਪ ਵਿੱਚ ਮਿਲਣ ਵਾਲੇ ਆਪਣੇ ਗਿਆਨ ਸਰੋਤਾਂ ਨੂੰ ਆਪੋ-ਆਪਣੀਆਂ ਵੈੱਬਸਾਇਟਾਂ ਉੱਪਰ ਅਪਲੋਡ ਕੀਤਾ, ਜਿਨ੍ਹਾਂ ਵਿੱਚ ਇਨਸਾਈਕਲੋਪੀਡੀਆ ਆਫ਼ ਬ੍ਰਿਟੈਨਿਕਾ, ਵਰਲਡ ਬੁੱਕ ਇਨਸਾਈਕਲੋਪੀਡੀਆ ਆਦਿ ਪ੍ਰਮੁੱਖ ਸਨ। ਇਨ੍ਹਾਂ ਤੋਂ ਗਿਆਨ ਹਾਸਲ ਕਰਨ ਲਈ ਕੁੱਝ ਪੈਸੇ ਦੇਣੇ ਪੈਂਦੇ ਸਨ। ਇਹ ਵਿਸ਼ਵਕੋਸ਼ ਵੱਖ-ਵੱਖ ਅਦਾਰਿਆਂ ਨੇ ਬਣਾਏ ਸਨ ਅਤੇ ਇਨ੍ਹਾਂ ਵਿਸ਼ਵਕੋਸ਼ਾਂ ਵਿਚਲਾ ਸਾਰਾ ਗਿਆਨ ਕਾਪੀਰਾਈਟ ਅਧੀਨ ਆਉਂਦਾ ਸੀ। ਇੰਟਰਨੈੱਟ ਦੇ ਆਉਣ ਨਾਲ ਭਾਵੇਂ ਸੂਚਨਾ ਕ੍ਰਾਂਤੀ ਵਿੱਚ ਵੱਡਾ ਬਦਲਾਅ ਆਇਆ

ਪਰ ਇਸ ਦੇ ਬਾਵਜੂਦ ਵੀ ਕੁੱਝ ਅੜਿੱਕੇ ਸਨ। ਬਹੁਤੀਆਂ ਵੈੱਬਸਾਇਟਾਂ ਗਿਆਨ ਮੁਫ਼ਤ ਮੁਹੱਈਆ ਨਹੀਂ ਕਰਵਾਉਂਦੀਆਂ ਸਨ ਜਿਸ ਕਰਕੇ ਆਮ ਵਿਅਕਤੀ ਹਾਲੇ ਵੀ ਗਿਆਨ ਤੋਂ ਵਾਂਝਾ ਹੀ ਸੀ। ਮਿਲਦੇ ਜੁਲਦੇ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ 'ਸਿੰਗਲ ਵਿੰਡੋ ਕਾਊਂਟਰ' ਵਰਗੀ ਕੋਈ ਇੱਕ ਵੈੱਬਸਾਇਟ ਉਪਲਬਧ ਨਹੀਂ ਸੀ। ਇਨ੍ਹਾਂ ਸਾਰੀਆਂ ਅਟਕਲਾਂ ਨੂੰ ਕੇਂਦਰ ਵਿੱਚ ਰੱਖ ਕੇ ਵਿਕੀਪੀਡੀਆ ਨੇ ਗਿਆਨ ਦੇ ਸਾਈਬਰ ਸੰਸਾਰ ਵਿੱਚ ਕੰਮ ਕਰਨਾ ਸ਼ੁਰੂ ਕੀਤਾ।

ਇੰਟਰਨੈੱਟ ਉੱਪਰ ਗਿਆਨ ਦੇ ਵਪਾਰਕ ਯੁੱਗ ਵਿੱਚ 'ਵਿਕੀਪੀਡੀਆ' ਨਾਮ ਦੀ ਇੱਕ ਵੈੱਬਸਾਇਟ ਦਾ ਪ੍ਰਵੇਸ਼ 2001 ਵਿੱਚ ਹੁੰਦਾ ਹੈ, ਜਿਸ ਨੇ ਵਪਾਰਕ ਵਿਸ਼ਵਕੋਸ਼ਾਂ ਦੇ ਮੁਕਾਬਲੇ ਆਪਣੇ ਆਪ ਨੂੰ ਥੋੜੇ ਸਮੇਂ ਵਿੱਚ ਹੀ ਸਥਾਪਿਤ ਕਰ ਲਿਆ। ਇਸ ਵੈੱਬਸਾਇਟ ਦਾ ਮਕਸਦ ਦੁਨੀਆਂ ਦੇ ਸਾਰੇ ਗਿਆਨ ਨੂੰ ਇੱਕ ਥਾਂ ਉੱਪਰ ਇਕੱਤਰ ਕਰਨਾ ਸੀ। ਇਸ ਵਿਸ਼ਵਕੋਸ਼ ਵਿੱਚ ਪਹਿਲਾਂ ਤੋਂ ਚੱਲੇ ਆ ਰਹੇ ਵਿਸ਼ਵਕੋਸ਼ਾਂ ਨਾਲੋਂ ਵੱਖਰਤਾਵਾਂ ਹਨ। ਵਿਕੀਪੀਡੀਆ ਵਿਸ਼ਵਕੋਸ਼ ਵਿਚਲਾ ਸਾਰਾ ਗਿਆਨ 'ਕਰੇਟਿਵ ਕਾਮਨਜ਼ ਲਾਈਸੰਸਾਂ'[1] (Creative Commons (CC) license) ਅਧੀਨ ਆਉਂਦਾ ਹੈ। ਜਿੱਥੇ ਗਿਆਨ ਦੇ ਬਹੁਤੇ ਆਨਲਾਈਨ ਸਰੋਤ ਵਪਾਰ ਅਤੇ ਮੁਨਾਫ਼ਾ ਕਮਾਉਣ ਲਈ ਕੰਮ ਕਰ ਰਹੇ ਹਨ ਅਤੇ ਵੱਡੀਆਂ ਕਾਰਪੋਰੇਸ਼ਨਾਂ ਵੱਲੋਂ ਚਲਾਏ ਜਾਂਦੇ ਹਨ, ਉੱਥੇ ਵਿਕੀਪੀਡੀਆ ਮੁਨਾਫ਼ੇ ਦੇ ਮਕਸਦ ਤੋਂ ਬਿਨ੍ਹਾਂ ਵੱਧ ਤੋਂ ਵੱਧ ਲੋਕਾਂ ਤੱਕ ਗਿਆਨ ਪਹੁੰਚਾਉਣ ਲਈ ਕੰਮ ਕਰ ਰਿਹਾ ਹੈ। ਵਿਕੀਪੀਡੀਆ ਨੂੰ ਗ਼ੈਰ-ਮੁਨਾਫ਼ੇਦਾਰ (Non-Profit) ਸੰਸਥਾ ਵਿਕੀਮੀਡੀਆ ਫਾਉਂਡੇਸ਼ਨ ਵੱਲੋਂ ਚਲਾਇਆ ਜਾਂਦਾ ਹੈ। ਇਸ ਵਿਸ਼ਵਕੋਸ਼ ਵਿਚਲੇ ਗਿਆਨ ਦਾ ਉਤਪਾਦਨ ਇਸ ਨੂੰ ਚਲਾਉਣ ਵਾਲੀ ਸੰਸਥਾ ਨੇ ਨਹੀਂ ਸਗੋਂ ਵਰਤੋਂਕਾਰਾਂ (Users) ਨੇ ਕੀਤਾ ਹੈ। ਸ਼ੁਰੂਆਤੀ ਦੌਰ ਵਿੱਚ ਵਿਕੀਪੀਡੀਆ ਅੰਗਰੇਜ਼ੀ ਭਾਸ਼ਾ ਤੱਕ ਹੀ ਸੀਮਤ ਸੀ ਪਰ ਹੌਲੀ-ਹੌਲੀ ਵਿਕੀਪੀਡੀਆ ਨੇ ਅੰਗਰੇਜ਼ੀ ਭਾਸ਼ਾ ਤੋਂ ਬਿਨ੍ਹਾਂ ਸੰਸਾਰ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। '31 ਮਾਰਚ 2020 ਤੱਕ ਵਿਕੀਮੀਡੀਆ ਫਾਉਂਡੇਸ਼ਨ ਦੀ ਸਰਪ੍ਰਸਤੀ ਅਧੀਨ ਵਿਕੀਪੀਡੀਆ ਸੰਸਾਰ ਦੀਆਂ 309 ਭਾਸ਼ਾਵਾਂ ਵਿੱਚ ਉਪਲਬਧ ਹੈ।'[2] 'ਇਸ ਸਮੇਂ ਅੰਗਰੇਜ਼ੀ ਵਿਕੀਪੀਡੀਆ ਉੱਪਰ ਸੱਠ ਲੱਖ, ਪੰਤਾਲੀ ਹਜ਼ਾਰ, ਛੇ ਸੌ ਅਠੱਤਰ ਲੇਖ ਹਨ। ਅੰਗਰੇਜ਼ੀ ਤੋਂ ਇਲਾਵਾ 17 ਭਾਸ਼ਾਵਾਂ ਅਜਿਹੀਆਂ ਹਨ, ਜਿਨ੍ਹਾਂ ਵਿੱਚ ਵਿਕੀਪੀਡੀਆ ਦੇ ਲੇਖਾਂ ਦੀ ਗਿਣਤੀ ਦਸ ਲੱਖ ਤੋਂ ਵੀ ਵਧੇਰੇ ਹੈ। 66 ਭਾਸ਼ਾਵਾਂ ਅਜਿਹੀਆਂ ਹਨ ਜਿਨ੍ਹਾਂ ਵਿੱਚ ਵਿਕੀਪੀਡੀਆ ਦੇ ਲੇਖਾਂ ਦੀ ਗਿਣਤੀ ਇੱਕ ਲੱਖ ਤੋਂ ਵੀ ਵਧੇਰੇ ਹੈ। '31 ਮਾਰਚ 2020 ਤੱਕ 309 ਭਾਸ਼ਾਵਾਂ ਵਿੱਚ ਉਪਲਬਧ ਹੋਣ ਵਾਲੇ ਵਿਕੀਪੀਡੀਆ

---

[1] A Creative Commons (CC) license is one of several public copyright licenses that enable the free distribution of an otherwise copyrighted "work".[note 1] A CC license is used when an author wants to give other people the right to share, use, and build upon a work that they (the author) have created. CC provides an author flexibility (for example, they might choose to allow only non-commercial uses of a given work) and protects the people who use or redistribute an author's work from concerns of copyright infringement as long as they abide by the conditions that are specified in the license by which the author distributes the work.

[2] List of Wikipedias. (2020, March 5). *Meta, discussion about Wikimedia projects*. Retrieved 09:22, March 31, 2020 from https://meta.wikimedia.org/w/index.php?title=List_of_Wikipedias&oldid=19869558.

ਉੱਪਰ ਪੰਜ ਕਰੋੜ, ਛੱਬੀ ਲੱਖ, ਉਨੱਤਰ ਹਜ਼ਾਰ, ਅੱਠ ਸੌ ਪੈਂਹਠ ਲੇਖ ਹਨ।'[3] 'ਅੰਗਰੇਜ਼ੀ ਵਿਕੀਪੀਡੀਆ ਨੂੰ ਅਲੈਕਸਾ ਸੰਸਾਰ ਦੀਆਂ ਪਹਿਲੀਆਂ ਦਸ ਪਾਪੂਲਰ ਵੈੱਬਸਾਇਟਾਂ ਵਿੱਚ ਰੱਖਦਾ ਹੈ।'[4] ਇਸ ਤਰ੍ਹਾਂ ਵਿਕੀਪੀਡੀਆ ਇੰਟਰਨੈੱਟ ਉੱਪਰ ਇੱਕ ਵੱਡਾ ਗਿਆਨ ਸਰੋਤ ਹੈ ਜੋ ਕੇਵਲ ਅੰਗਰੇਜ਼ੀ ਭਾਸ਼ਾ ਤੱਕ ਸੀਮਤ ਨਾ ਹੋ ਕੇ ਸੰਸਾਰ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ 'ਚ ਪਾਠਕਾਂ ਲਈ ਮੁਫ਼ਤ ਰੂਪ ਵਿੱਚ ਉਪਲਬਧ ਹੈ। ਇਸ ਅਧਿਆਇ ਦਾ ਉਦੇਸ਼ ਪੰਜਾਬੀ ਵਿਕੀਪੀਡੀਆ ਦੇ ਇਤਿਹਾਸ, ਪੰਜਾਬੀ ਵਿਕੀਪੀਡੀਆ ਦੀਆਂ ਨੀਤੀਆਂ ਅਤੇ ਪੰਜਾਬੀ ਵਿਕੀਪੀਡੀਆ ਵਿੱਚ ਦਰਜ ਇੰਦਰਾਜਾਂ ਦਾ ਅਧਿਐਨ ਕਰਨਾ ਹੈ।

## 2. ਵਿਕੀਪੀਡੀਆ

ਵਿਕੀਪੀਡੀਆ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਵਿਕੀ+ਪੀਡੀਆ ਤੋਂ ਬਣਿਆ ਹੈ। ਮੂਲ ਰੂਪ ਵਿੱਚ 'ਵਿਕੀ' ਸ਼ਬਦ ਅਮਰੀਕਾ ਦੇ ਹਵਾਈਅਨ ਟਾਪੂ ਦੀ 'ਹਵਾਈ' ਭਾਸ਼ਾ ਦਾ ਸ਼ਬਦ ਹੈ। Dictionary of Hawaiian Language ਅਨੁਸਾਰ Wiki ਦੇ ਅਰਥ-

"To be quick in doing a thing"[5]

ਤੋਂ ਲਏ ਗਏ ਹਨ।

Lexico ਡਿਕਸ਼ਨਰੀ ਦੇ ਅਨੁਸਾਰ-

> "ਕਿਸੇ ਵੈੱਬਸਾਇਟ ਜਾਂ ਡਾਟਾਬੇਸ ਨੂੰ ਵਰਤੋਂਕਾਰਾਂ ਦੇ ਸਮੂਹ ਦੁਆਰਾ ਸਹਿਯੋਗੀ ਰੂਪ ਵਿੱਚ ਤਿਆਰ ਕੀਤਾ ਜਾਂਦਾ ਹੈ ਅਤੇ ਇਹ ਕਿਸੇ ਨੂੰ ਵੀ ਸਮੱਗਰੀ ਸ਼ਾਮਲ ਕਰਨ ਤੇ ਸੋਧਣ ਦੀ ਆਗਿਆ ਦਿੰਦਾ ਹੈ।"[6]

ਇਨਸਾਈਕਲੋਪੀਡੀਆ ਆਫ਼ ਬ੍ਰਿਟੈਨਿਕਾ ਦੇ ਅਨੁਸਾਰ-

---

[3] List of Wikipedias. (2020, March 5). *Meta, discussion about Wikimedia projects*. Retrieved 09:43, March 31, 2020 from https://meta.wikimedia.org/w/index.php?title=List_of_Wikipedias&oldid=19869558.

[4] The top 500 sites on the web Retrieved 04:43, March 31, 2020

from https://web.archive.org/web/20190823142520/https://www.alexa.com/topsites

[5] Lorrin Andrews, **A dictionary of the Hawaiian language**, H. M. Whitney, 1865, p. 514 https://archive.org/details/dictionaryofhawa00andrrich/page/2/mode/2up

[6] https://www.lexico.com/definition/wiki Retrieved - 31 March 2020 , (A website or database developed collaboratively by a community of users, allowing any user to add and edit content.)

"ਵਿਕੀ ਉਹ ਵੈੱਬਸਾਇਟ ਹੁੰਦੀ ਹੈ ਜਿਸ ਨੂੰ ਵਰਤੋਂਕਾਰ ਸੋਧ ਸਕਦੇ ਹਨ ਅਤੇ ਉਸ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ।"[7]

ਉਪਰੋਕਤ ਪਰਿਭਾਸ਼ਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ 'ਵਿਕੀ' ਸ਼ਬਦ ਮੂਲ ਰੂਪ 'ਚ ਹਵਾਈ ਭਾਸ਼ਾ ਤੋਂ ਆਇਆ ਸ਼ਬਦ ਹੈ ਪਰੰਤੂ ਸਮੇਂ ਨਾਲ ਇਹ ਸ਼ਬਦ ਅਰਥ ਪਰਵਰਤਿਤ ਕਰਕੇ ਉਸ ਵੈੱਬਸਾਇਟ ਜਾਂ ਸਾਫ਼ਟਵੇਅਰ ਦੀ ਪ੍ਰਤੀਨਿਧਤਾ ਕਰਨ ਲੱਗ ਗਿਆ ਜਿਸਦੀ ਗਿਆਨ ਸਮੱਗਰੀ ਨੂੰ ਸਮੂਹਿਕ ਰੂਪ ਵਿੱਚ ਕਿਸੇ ਵਰਤੋਂਕਾਰ ਸਮੂਹ (User Group) ਦੁਆਰਾ ਤਿਆਰ ਅਤੇ ਸੰਪਾਦਿਤ ਕੀਤਾ ਜਾਂਦਾ ਹੈ।

'ਪੀਡੀਆ' ਸ਼ਬਦ ਦੀਆਂ ਜੜ੍ਹਾਂ ਪ੍ਰਾਚੀਨ ਗਰੀਕ ਭਾਸ਼ਾ ਨਾਲ ਜੁੜਦੀਆਂ ਹਨ। ਸਧਾਰਨ ਸ਼ਬਦਾਂ ਵਿੱਚ ਪੀਡੀਆ ਸ਼ਬਦ ਦੇ ਅਰਥ 'ਪੈਡਾਗੋਗੀ' ਤੋਂ ਲਏ ਜਾਂਦੇ ਹਨ, ਜਿਸ ਦਾ ਅਰਥ ਹੁੰਦਾ ਹੈ ਕੋਈ ਸਿੱਖਣ ਵਾਲੀ ਕਿਤਾਬ। 'ਵਿਕੀਪੀਡੀਆ' ਵਿੱਚ 'ਪੀਡੀਆ' ਸ਼ਬਦ ਇਨਸਾਈਕਲੋਪੀਡੀਆ ਵਿੱਚੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ ਸਿੱਖਿਆ ਜਾਂ ਸਿੱਖਣਾ।

ਇਸ ਤਰ੍ਹਾਂ ਦੋਵਾਂ ਸ਼ਬਦਾਂ ਦੇ ਸੁਮੇਲ ਤੋਂ 'ਵਿਕੀਪੀਡੀਆ' ਸ਼ਬਦ ਦੇ ਅਰਥ ਸਮਝੇ ਜਾ ਸਕਦੇ ਹਨ ਕਿ ਅਜਿਹੀ ਗਿਆਨਮਈ ਵੈੱਬਸਾਇਟ ਜਿਸਦੀ ਗਿਆਨ ਸਮੱਗਰੀ ਕਿਸੇ ਵਰਤੋਂਕਾਰ ਸਮੂਹ ਨੇ ਸਮੂਹਿਕ ਰੂਪ ਵਿੱਚ ਤਿਆਰ ਕੀਤੀ ਹੋਵੇ, ਜਿਸ ਵਿੱਚ ਹਰ ਵਿਅਕਤੀ ਆਪਣੀ ਸਮਰੱਥਾ ਮੁਤਾਬਕ ਆਪਣਾ ਯੋਗਦਾਨ ਪਾ ਸਕਦਾ ਹੋਵੇ ਅਤੇ ਵੈੱਬਸਾਇਟ ਤੋਂ ਗਿਆਨ ਪ੍ਰਾਪਤ ਕਰ ਸਕਦਾ ਹੋਵੇ।

ਵਿਕੀਪੀਡੀਆ ਦੇ ਸ਼ਾਬਦਿਕ ਅਰਥ ਤੋਂ ਅੱਗੇ ਇਸ ਬਾਰੇ ਕਿਹਾ ਜਾ ਸਕਦਾ ਹੈ ਕਿ ਵਿਕੀਪੀਡੀਆ ਇੱਕ ਬਹੁ-ਭਾਸ਼ਾਈ ਆਨਲਾਈਨ ਵਿਸ਼ਵਕੋਸ਼ ਹੈ ਜਿਸ ਨੂੰ ਵਲੰਟੀਅਰ ਸੰਪਾਦਕਾਂ ਦੁਆਰਾ ਚਲਾਇਆ ਜਾਂਦਾ ਹੈ। ਵਿਕੀਪੀਡੀਆ ਦੀ ਆਪਣੀ ਵੈੱਬਸਾਇਟ ਅਨੁਸਾਰ ਇਹ ਇੱਕ 'ਅਜ਼ਾਦ ਵਿਸ਼ਵਕੋਸ਼' ਹੈ, ਜਿਸ ਉੱਪਰ 5 ਕਰੋੜ ਤੋਂ ਵਧੇਰੇ ਇੰਦਰਾਜ ਦਰਜ ਹਨ ਅਤੇ ਇਹ ਗਿਣਤੀ ਦਿਨ ਪ੍ਰਤੀ ਦਿਨ ਵੱਧ ਰਹੀ ਹੈ। ਕੰਪਿਊਟਰ, ਮੋਬਾਇਲ ਜਾਂ ਕੋਈ ਹੋਰ ਅਜਿਹਾ ਯੰਤਰ (ਜਿਸ ਉੱਪਰ ਇੰਟਰਨੈੱਟ ਚਲਦਾ ਹੋਵੇ) ਵਰਤਣ ਵਾਲਾ ਵਿਅਕਤੀ ਵਿਕੀਪੀਡੀਆ ਉੱਪਰ ਪਏ ਗਿਆਨ ਤੱਕ ਬਿਨ੍ਹਾਂ ਲਾਗ ਇਨ ਆਈ.ਡੀ. ਪਾਸਵਰਡ ਦੇ ਮੁਫ਼ਤ ਪਹੁੰਚ ਕਰ ਸਕਦਾ ਹੈ। ਬਾਕੀ ਵਿਸ਼ਵਕੋਸ਼ਾਂ ਨਾਲੋਂ ਵਿਕੀਪੀਡੀਆ ਦੀ ਵੱਖਰੀ ਗੱਲ ਇਹ ਹੈ ਕਿ ਕੋਈ ਵੀ ਵਿਅਕਤੀ ਵਿਕੀਪੀਡੀਆ ਦੇ ਗਿਆਨ ਭੰਡਾਰ ਤੋਂ ਗਿਆਨ ਪ੍ਰਾਪਤ ਕਰਨ ਦੇ ਨਾਲ-ਨਾਲ ਇਸ ਵਿੱਚ ਆਪਣਾ ਯੋਗਦਾਨ ਵੀ ਪਾ ਸਕਦਾ ਹੈ। ਭਾਵ ਗਿਆਨ ਸਮੱਗਰੀ ਵਿੱਚ ਵਾਧਾ ਕਰ ਸਕਦਾ ਹੈ ਅਤੇ ਜੇਕਰ ਕੋਈ ਗ਼ਲਤੀ ਹੈ ਤਾਂ ਉਸ ਵਿੱਚ ਸੋਧ ਵੀ ਕਰ ਸਕਦਾ ਹੈ। ਪੰਜਾਬੀ ਵਿਕੀਪੀਡੀਆ ਵਿੱਚ ਹਰ ਇੱਕ ਸੋਧ ਦਾ ਰਿਕਾਰਡ ਵੀ ਰੱਖਿਆ ਜਾਂਦਾ ਹੈ। ਵਿਕੀਪੀਡੀਆ ਦੇ ਕਿਸੇ ਵੀ ਲੇਖ ਨੂੰ ਸੋਧਣ ਲਈ ਖਾਤਾ ਬਣਾਉਣ ਦਾ ਕੋਈ ਸਖ਼ਤ ਨਿਯਮ ਨਹੀਂ ਹੈ। ਬਗ਼ੈਰ ਖਾਤਾ ਖੋਲ੍ਹੇ ਕੀਤੀਆਂ ਗਈਆਂ ਸੋਧਾਂ ਦੇ ਰਿਕਾਰਡ ਵਿੱਚ ਇੰਟਰਨੈੱਟ ਦਾ ਆਈ.ਪੀ.

---

[7] Dennis, M. Aaron (2021, May 19). *wiki*. *Encyclopedia Britannica*. https://www.britannica.com/topic/wiki, Retrieved - june 25, 2021

(IP) ਨੰਬਰ ਆਉਂਦਾ ਹੈ ਅਤੇ ਖਾਤਾ ਖੋਲ੍ਹ ਕੇ ਕੀਤੀਆਂ ਗਈਆਂ ਸੋਧਾਂ ਵਿੱਚ ਵਰਤੋਂਕਾਰ ਵੱਲੋਂ ਰੱਖਿਆ ਵਰਤੋਂਕਾਰ ਨਾਮ (User Name) ਰਿਕਾਰਡ ਵਿੱਚ ਦਰਜ ਹੁੰਦਾ ਹੈ।

ਵਿਕੀਪੀਡੀਆ ਦਾ ਉਦੇਸ਼ ਹਰ ਕਿਸਮ ਦੇ ਗਿਆਨ ਨੂੰ ਲੋਕਾਂ ਤੱਕ ਮੁਫ਼ਤ ਵਿੱਚ ਪਹੁੰਚਾਉਣਾ ਹੈ। ਇਸ ਬਾਰੇ ਵਿਕੀਪੀਡੀਆ ਦਾ ਬਾਨੀ **ਜ਼ਿੰਮੀ ਵੇਲਜ਼** ਲਿਖਦਾ ਹੈ-

'ਇੱਕ ਅਜਿਹੇ ਸੰਸਾਰ ਦੀ ਕਲਪਨਾ ਕਰੋ, ਜਿਸ ਵਿੱਚ ਹਰ ਇੱਕ ਇਨਸਾਨ ਦੀ ਸਾਰੀ ਮਨੁੱਖਤਾ ਦੇ ਗਿਆਨ ਤੱਕ ਮੁਫ਼ਤ ਪਹੁੰਚ ਹੋਵੇ, ਅਸੀਂ ਇਹ ਕਰ ਰਹੇ ਹਾਂ।'[8]

ਵਿਕੀਪੀਡੀਆ ਦਾ ਮਕਸਦ ਸਮੁੱਚੇ ਵਿਸ਼ਵ ਦੇ ਗਿਆਨ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰਕੇ ਪਾਠਕਾਂ ਤੱਕ ਮੁਫ਼ਤ ਪਹੁੰਚਾਉਣਾ ਹੈ। ਵਿਕੀਪੀਡੀਆ ਨੂੰ ਅੰਦਾਜ਼ਨ ਹਰ ਮਹੀਨੇ 1.5 ਬਿਲੀਅਨ ਪਾਠਕ ਪੜ੍ਹਦੇ ਹਨ ਅਤੇ 9 ਕਰੋੜ ਤੋਂ ਵੱਧ ਵਿਕੀਪੀਡੀਆ ਦੇ ਸੰਪਾਦਕ ਹਨ।

## 3. ਵਿਕੀ ਅਤੇ ਵਿਕੀਪੀਡੀਆ

ਆਮ ਕਰਕੇ ਵਿਕੀ ਅਤੇ ਵਿਕੀਪੀਡੀਆ ਦੀ ਸਮਾਨ ਅਰਥਾਂ ਵਿੱਚ ਹੀ ਵਰਤੋਂ ਕਰ ਲਈ ਜਾਂਦੀ ਹੈ। 'ਵਿਕੀ ਵਾਰਡ ਕਨਿੰਘਮ (Ward Cunningham) ਦੁਆਰਾ ਤਿਆਰ ਕੀਤਾ ਇੱਕ ਸਾਫ਼ਟਵੇਅਰ ਹੈ ਜਿਸ ਨੂੰ 25 ਮਾਰਚ 1995 ਨੂੰ c2.com ਨਾਮ ਦੀ ਵੈੱਬਸਾਇਟ ਉੱਪਰ ਰੱਖਿਆ ਗਿਆ ਸੀ।'[9] ਇਹ ਇੱਕ ਅਜਿਹਾ ਸਾਫ਼ਟਵੇਅਰ ਹੈ ਜੋ ਸਭ ਰੋਕਾਂ ਤੋਂ ਮੁਕਤ ਹੈ ਅਤੇ ਇਹ ਸਾਫ਼ਟਵੇਅਰ ਵਰਤੋਂਕਾਰਾਂ ਨੂੰ ਜਾਣਕਾਰੀ ਪਾਉਣ ਜਾਂ ਹਟਾਉਣ ਦਾ ਹੱਕ ਦਿੰਦਾ ਹੈ। ਵਿਕੀਪੀਡੀਆ ਸੰਸਾਰ ਦੀਆਂ ਉਨ੍ਹਾਂ ਪ੍ਰਸਿੱਧ ਵੈੱਬਸਾਇਟਾਂ ਵਿੱਚੋਂ ਇੱਕ ਹੈ ਜੋ ਵਾਰਡ ਕਨਿੰਘਮ ਦੁਆਰਾ ਦਿੱਤੇ ਸਿਧਾਂਤ ਦੇ ਆਧਾਰ 'ਤੇ ਚਲਦੀਆਂ ਹਨ। 'ਵਿਕੀਮੀਡੀਆ ਫਾਉਂਡੇਸ਼ਨ ਨੇ ਵਿਕੀ ਆਧਾਰਿਤ 'ਮੀਡੀਆ ਵਿਕੀ' ਨਾਮ ਦਾ ਸਾਫ਼ਟਵੇਅਰ ਜਨਵਰੀ 2001 ਵਿੱਚ ਵਿਕਸਿਤ ਕੀਤਾ ਸੀ ਜਿਸ ਰਾਹੀਂ ਫਾਉਂਡੇਸ਼ਨ ਵਿਕੀਪੀਡੀਆ ਸਮੇਤ ਆਪਣੇ ਹੋਰ ਪ੍ਰੋਜੈਕਟ ਚਲਾਉਂਦੀ ਹੈ।'[10]

## 4. ਵਿਕੀਪੀਡੀਆ ਦਾ ਇਤਿਹਾਸ

---

[8] https://wikimediafoundation.org/about/vision/ , Retrieved – 31 March,2020, Imagine a world in which every single human being can freely share in the sum of all knowledge. That's our commitment.

[9] http://wiki.c2.com/?WikiHistory Retrieved - 22 July, 2021

[10] MediaWiki history. (2012, December 20). *MediaWiki,* Retrieved 11:23, February 4, 2022 from https://www.mediawiki.org/w/index.php?title=MediaWiki_history&oldid=618636.

ਵਿਕੀਪੀਡੀਆ ਤੋਂ ਪਹਿਲਾਂ ਵਰਤੋਂਕਾਰ ਸਮੂਹ (User Group) ਦੁਆਰਾ ਸਹਿਯੋਗੀ ਰੂਪ ਵਿੱਚ ਆਨਲਾਈਨ 'ਨੁਪੀਡੀਆ'(Nupedia)[11] ਨਾਮ ਦਾ ਇੱਕ ਵਿਸ਼ਵਕੋਸ਼ 9 ਮਾਰਚ 2000 ਵਿੱਚ ਰੀਲੀਜ਼ ਕੀਤਾ ਗਿਆ ਸੀ ਪਰ ਇਸ ਵਿਸ਼ਵਕੋਸ਼ ਨੂੰ ਬਹੁਤੀ ਕਾਮਯਾਬੀ ਨਹੀਂ ਮਿਲੀ। 'ਨੁਪੀਡੀਆ' ਵਿਸ਼ਵਕੋਸ਼ ਦੇ ਸੀ.ਈ.ਓ. ਜ਼ਿੰਮੀ ਵੇਲਜ਼ ਅਤੇ ਮੁੱਖ ਸੰਪਾਦਕ ਲੈਰੀ ਸਾਂਗਰ ਸਨ ਜੋ ਬਾਅਦ ਵਿੱਚ ਦੋਵੇਂ ਵਿਕੀਪੀਡੀਆ ਦੇ ਬਾਨੀ ਬਣੇ। 'ਨੁਪੀਡੀਆ' ਇੱਕ ਅੰਗਰੇਜ਼ੀ ਦਾ ਮੁਫ਼ਤ ਵਿਸ਼ਵਕੋਸ਼ ਸੀ, ਜਿਸ ਵਿੱਚ ਮਾਹਰਾਂ ਦੁਆਰਾ ਲੇਖ ਲਿਖੇ ਜਾਂਦੇ ਸੀ, ਰਸਮੀ ਪ੍ਰਕਿਰਿਆ ਦੇ ਤਹਿਤ ਉਨ੍ਹਾਂ ਲੇਖਾਂ ਦੀ ਸਮੀਖਿਆ ਕੀਤੀ ਜਾਂਦੀ ਸੀ ਅਤੇ ਫਿਰ ਉਨ੍ਹਾਂ ਨੂੰ ਵਿਸ਼ਵਕੋਸ਼ ਉੱਪਰ ਅਪਲੋਡ ਕੀਤਾ ਜਾਂਦਾ ਸੀ।

ਅੰਗਰੇਜ਼ੀ ਵਿਕੀਪੀਡੀਆ ਦੀ ਸ਼ੁਰੂਆਤ '15 ਜਨਵਰੀ 2001 ਨੂੰ ਜ਼ਿੰਮੀ ਵੇਲਜ ਅਤੇ ਲੈਰੀ ਸਾਂਗਰ ਵੱਲੋਂ ਕੀਤੀ ਗਈ ਸੀ।'[12] ਅੰਗਰੇਜ਼ੀ ਵਿਕੀਪੀਡੀਆ ਦੀ ਸ਼ੁਰੂਆਤ 'ਨੁਪੀਡੀਆ' (Nupedia) ਦੇ ਅਗਲੇਰੇ ਕਦਮ ਵਜੋਂ ਹੀ ਕੀਤੀ ਗਈ ਸੀ ਅਤੇ ਵਿਕੀਪੀਡੀਆ ਨੇ ਸ਼ੁਰੂਆਤੀ ਸਹਿਯੋਗ 'ਨੁਪੀਡੀਆ' ਤੋਂ ਹੀ ਲਿਆ। 2003 ਤੱਕ 'ਨੁਪੀਡੀਆ' ਵਿਕੀਪੀਡੀਆ ਦੇ ਨਾਲੋ-ਨਾਲ ਮੌਜੂਦ ਰਿਹਾ ਅਤੇ ਫਿਰ ਇਸ ਦੇ ਸਰਵਰਾਂ ਨੂੰ ਇੰਟਰਨੈੱਟ ਤੋਂ ਪੱਕੇ ਤੌਰ 'ਤੇ ਹਟਾ ਦਿੱਤਾ ਗਿਆ। 'ਨੁਪੀਡੀਆ' ਦੀ ਗਿਆਨ ਸਮੱਗਰੀ ਨੂੰ ਅੰਗਰੇਜ਼ੀ ਵਿਕੀਪੀਡੀਆ ਵਿੱਚ ਹੀ ਸ਼ਾਮਲ ਕਰ ਲਿਆ ਗਿਆ। 2004 ਦੇ ਅੰਤ ਤੱਕ ਵਿਕੀਪੀਡੀਆ ਨੇ ਪੰਜਾਬੀ ਭਾਸ਼ਾ ਸਮੇਤ 161 ਭਾਸ਼ਾਵਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਬਹੁ-ਭਾਸ਼ਾਈ ਆਨਲਾਈਨ ਵਿਸ਼ਵਕੋਸ਼ ਦੇ ਤੌਰ 'ਤੇ ਪ੍ਰਚਲਿਤ ਹੋਣ ਲੱਗਿਆ। ਅੰਗਰੇਜ਼ੀ ਵਿਕੀਪੀਡੀਆ ਉੱਪਰ ਲੇਖਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਐਂਡਰਿਊ ਲੀਹ ਦੇ ਅਨੁਸਾਰ-

> 'ਜਨਵਰੀ 2001 ਦੇ ਅਖ਼ੀਰ ਵਿੱਚ ਅੰਗਰੇਜ਼ੀ ਵਿਕੀਪੀਡੀਆ ਉੱਤੇ 600 ਦੇ ਕਰੀਬ ਆਰਟੀਕਲ ਹੋ ਗਏ ਅਤੇ 12 ਫ਼ਰਵਰੀ 2001 `ਚ ਇਹ ਗਿਣਤੀ 1000 ਤੱਕ ਪਹੁੰਚ ਗਈ। ਇਕ ਸਾਲ ਬਾਅਦ ਜਨਵਰੀ 2002 ਵਿੱਚ ਇਸ ਉੱਤੇ ਮੌਜੂਦ ਆਰਟੀਕਲਾਂ ਦੀ ਗਿਣਤੀ 20,000 ਹੋ ਗਈ। ਪ੍ਰਬੰਧਕਾਂ ਅਨੁਸਾਰ ਉਸ ਸਮੇਂ ਵਿਕੀਪੀਡੀਆ ਉੱਤੇ ਹਰ ਰੋਜ਼ 200 ਲੋਕ ਕੰਮ ਕਰਦੇ ਸਨ ਅਤੇ ਸਮੁੱਚੇ ਰੂਪ ਵਿੱਚ ਇਸ ਵਿੱਚ ਯੋਗਦਾਨ ਪਾਉਣ ਵਾਲੇ 1000 ਦੇ ਕਰੀਬ ਸਨ। ਮਾਰਚ 2003 ਵਿੱਚ ਵਿਕੀਪੀਡੀਆ `ਤੇ ਮੌਜੂਦ ਆਰਟੀਕਲਾਂ ਦੀ ਗਿਣਤੀ 1 ਲੱਖ ਤੋਂ ਵੱਧ ਹੋ ਗਈ ਅਤੇ ਵਿਕੀਪੀਡੀਆ ਵਪਾਰਕ ਆਨਲਾਈਨ ਗਿਆਨਕੋਸ਼ਾਂ ਦੇ ਬਰਾਬਰ ਆ ਖੜ੍ਹਾ ਹੋਇਆ। ਮਾਰਚ 2005 ਵਿੱਚ ਵਿਕੀਪੀਡੀਆ `ਤੇ 5 ਲੱਖ ਆਰਟੀਕਲ ਹੋ ਗਏ ਅਤੇ 2007 ਵਿੱਚ 20 ਲੱਖ ਤੋਂ ਵੱਧ ਆਰਟੀਕਲ ਬਣ ਗਏ।'[13]

---

[11] Wikipedia contributors. (2020, March 14). Nupedia. In *Wikipedia, The Free Encyclopedia*. Retrieved 08:20, April 1, 2020, from https://en.wikipedia.org/w/index.php?title=Nupedia&oldid=945562558

[12] Wikipedia contributors. (2020, March 25). Wikipedia. In *Wikipedia, The Free Encyclopedia*. Retrieved 08:22, April 1, 2020, from https://en.wikipedia.org/w/index.php?title=Wikipedia&oldid=947302871

[13] Andrew Lih, **The Wikipedia Revolution: How a Bunch of Nobodies Created the World's Greatest Encyclopedia**, Hyperion, New York, 2009, p- 6, ਉਧਰਿਤ, ਸੁਖਵੰਤ ਹੁੰਦਲ, **ਵਿਕੀਪੀਡੀਆ ਇਨਕਲਾਬ ਅਤੇ ਪੰਜਾਬੀ**

ਅੰਗਰੇਜ਼ੀ ਵਿਕੀਪੀਡੀਆ ਨੇ 9 ਸਤੰਬਰ, 2007 ਨੂੰ ਦੋ ਮਿਲੀਅਨ ਲੇਖਾਂ ਦਾ ਅੰਕੜਾ ਪਾਰ ਕਰ ਲਿਆ ਅਤੇ 'ਇਸ ਨੇ ਚੀਨ ਦੇ ਯੋਂਗਲ ਵਿਸ਼ਵਕੋਸ਼ ਨੂੰ ਪਛਾੜ ਦਿੱਤਾ ਜੋ ਪਿਛਲੇ 600 ਸਾਲਾਂ ਤੋਂ ਵਿਸ਼ਵ ਦਾ ਸਭ ਤੋਂ ਵੱਡਾ ਵਿਸ਼ਵਕੋਸ਼ ਸੀ।'[14] ਮਾਰਚ 2020 ਤੱਕ ਅੰਗਰੇਜ਼ੀ ਵਿਕੀਪੀਡੀਆ ਉੱਪਰ ਕੰਮ ਕਰਨ ਵਾਲੇ ਡੇਢ ਲੱਖ ਦੇ ਕਰੀਬ ਸਰਗਰਮ ਵਰਤੋਂਕਾਰ (Active User), ਬਾਰਾਂ ਸੌ ਦੇ ਕਰੀਬ ਐਡਮਿਨ ਅਤੇ 6 ਮਿਲੀਅਨ ਤੋਂ ਵੀ ਵੱਧ ਲੇਖ ਹਨ।

'ਅੰਗਰੇਜ਼ੀ ਭਾਸ਼ਾ ਤੋਂ ਇਲਾਵਾ ਵਿਕੀਪੀਡੀਆ ਨੇ 15 ਮਾਰਚ 2001 ਨੂੰ ਫਰਾਂਸੀਸੀ, ਜਰਮਨ ਅਤੇ ਸਪੇਨੀ ਜ਼ੁਬਾਨਾਂ ਵਿੱਚ ਵਿਕੀਪੀਡੀਆ ਦੇ ਡੁਮੇਨ ਨਾਮ ਲੈ ਲਏ ਸਨ। ਉਸ ਤੋਂ ਅਗਲੇ ਦਿਨ ਹੀ ਜਰਮਨ ਭਾਸ਼ਾ ਦੇ ਵਿਕੀਪੀਡੀਆ ਦੀ ਸ਼ੁਰੂਆਤ ਹੋ ਗਈ ਅਤੇ ਉਸ ਤੋਂ ਇਕ ਹਫ਼ਤਾ ਬਾਅਦ ਫਰਾਂਸੀਸੀ ਵਿਕੀਪੀਡੀਆ ਨੇ ਜਨਮ ਲੈ ਲਿਆ। ਸੰਨ 2001 ਵਿੱਚ ਹੀ ਸ਼ੁਰੂ ਹੋਣ ਵਾਲੇ ਕੁੱਝ ਹੋਰ ਵਿਕੀਪੀਡੀਆ ਇਸ ਪ੍ਰਕਾਰ ਸਨ, ਜੂਨ 2001 ਵਿੱਚ ਜਪਾਨੀ, ਮਈ 2001 ਵਿੱਚ ਇਟਾਲੀਅਨ, ਸਵੀਡਸ਼, ਸਪੇਨੀ ਅਤੇ ਰੂਸੀ, ਅਤੇ ਸਤੰਬਰ 2001 ਵਿੱਚ ਪੋਲਿਸ਼। ਹੌਲੀ-ਹੌਲੀ ਵਿਕੀਪੀਡੀਆ ਦੀਆਂ ਭਾਸ਼ਾਵਾਂ ਦੀ ਗਿਣਤੀ ਵਧਦੀ ਰਹੀ ਅਤੇ ਹੁਣ ਵਿਕੀਪੀਡੀਆ 309 ਭਾਸ਼ਾਵਾਂ ਵਿੱਚ ਉਪਲਬਧ ਹੈ।'[15] ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਵਿਕੀਪੀਡੀਆ ਦੀ ਇਹ ਗਿਣਤੀ ਸਨ 2020 ਦੀ ਹੈ। 'ਜੁਲਾਈ 2021 ਤੱਕ ਇਹ ਅੰਕੜਾ 323 ਭਾਸ਼ਾਵਾਂ ਤੱਕ ਪਹੁੰਚ ਗਿਆ ਹੈ।'[16]

## 5. ਪੰਜਾਬੀ ਵਿਕੀਪੀਡੀਆ ਦਾ ਇਤਿਹਾਸ

ਪੰਜਾਬੀ ਭਾਸ਼ਾ ਵਿੱਚ ਦੋ ਵਿਕੀਪੀਡੀਆ ਇੱਕ ਗੁਰਮੁਖੀ ਲਿੱਪੀ ਵਿੱਚ ਪੰਜਾਬੀ ਵਿਕੀਪੀਡੀਆ (pa.wikipedia.org) ਅਤੇ ਦੂਜਾ ਸ਼ਾਹਮੁਖੀ ਲਿੱਪੀ ਵਿੱਚ ਪੰਜਾਬੀ ਵਿਕੀਪੀਡੀਆ (pnb.wikipedia.org) ਮਿਲਦੇ ਹਨ। ਦੋ ਲਿੱਪੀਆਂ ਵਿੱਚ ਮਿਲਦੇ ਪੰਜਾਬੀ ਵਿਕੀਪੀਡੀਆ ਉੱਪਰ ਸੰਸਾਰ ਵਿੱਚ ਕਿਤੇ ਵੀ ਬੈਠਾ ਕੋਈ ਵੀ ਵਿਅਕਤੀ ਇੰਟਰਨੈੱਟ ਦੀ ਮਦਦ ਨਾਲ ਇਨ੍ਹਾਂ ਤੋਂ ਗਿਆਨ ਹਾਸਲ ਕਰ ਸਕਦਾ ਹੈ ਅਤੇ ਇਨ੍ਹਾਂ ਦਾ ਸੰਪਾਦਨ ਕਰ ਸਕਦਾ ਹੈ। 'ਪੰਜਾਬੀ ਵਿਕੀਪੀਡੀਆ ਗੁਰਮੁਖੀ' ਪੂਰਬੀ ਪੰਜਾਬ (ਭਾਰਤ) ਅਤੇ 'ਪੰਜਾਬੀ ਵਿਕੀਪੀਡੀਆ ਸ਼ਾਹਮੁਖੀ' ਪੱਛਮੀ ਪੰਜਾਬ (ਪਾਕਿਸਤਾਨ) ਵਿੱਚ ਪ੍ਰਚਲਿਤ ਹੈ। ਗੁਰਮੁਖੀ ਪੰਜਾਬੀ ਵਿਕੀਪੀਡੀਆ 3 ਜੂਨ 2002 ਨੂੰ ਸ਼ੁਰੂ ਹੋਇਆ ਸੀ ਅਤੇ

---

**ਵਿਕੀਪੀਡੀਆ**, ਗੋਸਟਿ, ਲਖਵੀਰ ਸਿੰਘ (ਮੁੱਖ ਸੰਪਾਦਕ), ਰਾਜਿੰਦਰ ਪਾਲ ਸਿੰਘ, ਚਰਨਜੀਤ ਕੌਰ (ਸੰਪਾਦਕ), ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ ਦੂਜਾ, 2014, ਪੰਨਾ- 66

[14] Wikipedia contributors. (2020, March 6). Yongle Encyclopedia. In *Wikipedia, The Free Encyclopedia*. Retrieved 08:52, April 1, 2020, from https://en.wikipedia.org/w/index.php?title=Yongle_Encyclopedia&oldid=944292122

[15] Andrew Lih, **The Wikipedia Revolution: How a Bunch of Nobodies Created the World's Greatest Encyclopedia**, Hyperion, New York, 2009, p- 139, ਉਧਰਿਤ, ਸੁਖਵੰਤ ਹੁੰਦਲ, **ਵਿਕੀਪੀਡੀਆ ਇਨਕਲਾਬ ਅਤੇ ਪੰਜਾਬੀ ਵਿਕੀਪੀਡੀਆ**, ਗੋਸਟਿ, (ਮੁੱਖ ਸੰਪਾਦਕ), ਰਾਜਿੰਦਰ ਪਾਲ ਸਿੰਘ, ਚਰਨਜੀਤ ਕੌਰ (ਸੰਪਾਦਕ), ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ ਦੂਜਾ, 2014, ਪੰਨਾ- 74

[16] List of Wikipedias. (2021, July 9). *Meta, discussion about Wikimedia projects*. Retrieved 07:23, July 22, 2021 from https://meta.wikimedia.org/w/index.php?title=List_of_Wikipedias&oldid=21709947.

ਸ਼ਾਹਮੁਖੀ ਪੰਜਾਬੀ ਵਿਕੀਪੀਡੀਆ 24 ਅਕਤੂਬਰ 2008 ਨੂੰ ਹੋਂਦ ਵਿੱਚ ਆਇਆ। ਇਸ ਖੋਜ ਕਾਰਜ ਵਿੱਚ ਅਸੀਂ ਕੇਵਲ ਗੁਰਮੁਖੀ ਲਿੱਪੀ ਵਿੱਚ ਉਪਲਬਧ ਵਿਕੀਪੀਡੀਆ ਦਾ ਹੀ ਅਧਿਐਨ ਕੀਤਾ ਹੈ।

ਪੰਜਾਬੀ ਵਿਕੀਪੀਡੀਆ ਦੀ ਸ਼ੁਰੂਆਤ ਭਾਵੇਂ 3 ਜੂਨ 2002 ਨੂੰ ਹੋ ਗਈ ਸੀ ਪਰ ਮੁੱਢਲੇ ਕੁੱਝ ਸਾਲਾਂ ਵਿੱਚ ਇਸ ਉੱਪਰ ਕੰਮ ਕਰਨ ਦੀ ਰਫ਼ਤਾਰ ਬਹੁਤ ਮੱਠੀ ਰਹੀ। 31 ਦਸੰਬਰ 2021 ਤੱਕ ਪੰਜਾਬੀ ਵਿਕੀਪੀਡੀਆ ਉੱਪਰ ਲੇਖਾਂ ਦੀ ਗਿਣਤੀ ਲਗਭਗ 37 ਹਜ਼ਾਰ ਹੈ ਅਤੇ ਲਗਭਗ ਇਸ ਸਮੇਂ ਤੱਕ ਅੰਗਰੇਜ਼ੀ ਵਿਕੀਪੀਡੀਆ ਉੱਪਰ ਲੇਖਾਂ ਦੀ ਗਿਣਤੀ 64 ਲੱਖ ਤੋਂ ਵਧੇਰੇ ਹੈ। ਅੰਕੜਿਆਂ ਤੋਂ ਦੇਖਿਆ ਜਾ ਸਕਦਾ ਹੈ ਕਿ ਅੰਗਰੇਜ਼ੀ ਭਾਸ਼ਾ ਦਾ ਸੰਸਾਰ ਦੇ ਬਾਕੀ ਗਿਆਨ ਸਰੋਤਾਂ ਤੋਂ ਇਲਾਵਾ ਇੰਟਰਨੈੱਟ ਉੱਪਰ ਵੀ ਦਬਦਬਾ ਹੈ। ਭਾਵੇਂ ਕਿ ਪੰਜਾਬੀ ਵਿਕੀਪੀਡੀਆ ਅੰਗਰੇਜ਼ੀ ਵਿਕੀਪੀਡੀਆ ਤੋਂ ਸਾਲ ਕੁ ਬਾਅਦ ਹੀ ਹੋਂਦ ਵਿੱਚ ਆ ਗਿਆ ਸੀ ਪਰ ਇਸ ਦੇ ਵਿਕਾਸ ਦੀ ਰਫ਼ਤਾਰ ਹੋਰਨਾਂ ਭਾਰਤੀ ਭਾਸ਼ਾਵਾਂ ਅਤੇ ਵਿਦੇਸ਼ੀ ਭਾਸ਼ਾਵਾਂ ਦੇ ਮੁਕਾਬਲੇ ਮੁੱਢ ਤੋਂ ਹੀ ਮੱਠੀ ਰਹੀ ਹੈ।




ਫੋਟੋ 1, ਪੰਜਾਬੀ ਵਿਕੀਪੀਡੀਆ ਦੇ ਮੁੱਖ ਸਫ਼ੇ ਦੀ ਤਸਵੀਰ, Retrieved – 25.07.2021

ਪੰਜਾਬੀ ਵਿਕੀਪੀਡੀਆ ਉੱਪਰ 1 ਅਪ੍ਰੈਲ 2020 ਤੱਕ 32 ਹਜ਼ਾਰ ਤੋਂ ਵੱਧ ਲੋਕ ਆਪਣੇ ਖਾਤੇ (Account) ਬਣਾ ਚੁੱਕੇ ਹਨ। ਪੰਜਾਬੀ ਵਿਕੀਪੀਡੀਆ ਉੱਪਰ ‘ਸਰਗਰਮ ਵਰਤੋਂਕਾਰਾਂ’[17] (Active Users) ਦੀ ਗਿਣਤੀ 125 ਹੈ, ਵਿਕੀਪੀਡੀਆ ਦੇ ਸਾਰੇ ਪ੍ਰਬੰਧ ਨੂੰ ਚਲਾਉਣ ਲਈ ਅਤੇ ਹੋ ਰਹੀਆਂ ਸੋਧਾਂ (edits) ‘ਤੇ ਨਿਗਰਾਨੀ ਰੱਖਣ ਲਈ 8 ਪ੍ਰਸ਼ਾਸਕ (Admin) ਵੀ ਹਨ। “ਪੰਜਾਬੀ ਵਿਕੀਪੀਡੀਆ ਦੇ ਸ਼ੁਰੂਆਤੀ ਮਹੀਨੇ ਹੀ ਇਸ ‘ਤੇ ਪਹਿਲਾ ਲੇਖ ਲਿਖਿਆ ਗਿਆ ਅਤੇ ਇਸ ਤੋਂ ਅਗਲੇ 2 ਸਾਲਾਂ ਤੱਕ ਕੋਈ ਤਬਦੀਲੀ ਨਹੀਂ ਆਈ। ਜਨਵਰੀ 2005 ਤੱਕ ਪੰਜਾਬੀ

[17] ਜਿਨ੍ਹਾਂ ਨੇ ਪਿਛਲੇ 30 ਦਿਨਾਂ ਵਿੱਚ ਵਿਕੀਪੀਡੀਆ ਉੱਪਰ ਕੋਈ ਸੋਧ (Edit) ਕੀਤੀ ਹੋਵੇ।

ਵਿਕੀਪੀਡੀਆ ਉੱਪਰ ਲੇਖਾਂ ਦੀ ਗਿਣਤੀ ਇੱਕ ਉੱਪਰ ਹੀ ਟਿਕੀ ਰਹੀ ਅਤੇ ਫ਼ਰਵਰੀ 2005 ਵਿੱਚ ਇੱਕ ਲੇਖ ਹੋਰ ਲਿਖਿਆ ਗਿਆ ਅਤੇ ਲੇਖਾਂ ਦੀ ਗਿਣਤੀ ਦੋ ਹੋ ਗਈ। ਇਸ ਤੋਂ ਬਾਅਦ ਵੀ ਪੰਜਾਬੀ ਵਿਕੀਪੀਡੀਆ 'ਤੇ ਲੇਖ ਲਿਖਣ ਦੇ ਕੰਮ ਵਿੱਚ ਕੋਈ ਵੱਡੀ ਹਿਲਜੁਲ ਨਹੀਂ ਹੋਈ। ਸ਼ੁਰੂਆਤ ਤੋਂ ਲੈ ਕੇ ਚਾਰ ਸਾਲ ਬਾਅਦ ਜੂਨ 2006 ਤੱਕ ਪੰਜਾਬੀ ਵਿਕੀਪੀਡੀਆ 'ਤੇ ਲੇਖਾਂ ਦੀ ਗਿਣਤੀ 39 ਹੋ ਗਈ ਅਤੇ ਜੂਨ 2007 ਤੱਕ ਇਹ ਗਿਣਤੀ 191 ਤੱਕ ਪਹੁੰਚ ਗਈ।...ਅਪ੍ਰੈਲ 2009 ਵਿੱਚ ਲੇਖਾਂ ਦੀ ਗਿਣਤੀ 1000 ਦੀ ਹੱਦ ਟੱਪ ਗਈ ਅਤੇ ਜੂਨ 2012 ਵਿੱਚ ਪੰਜਾਬੀ ਵਿਕੀਪੀਡੀਆ ਦੀ ਸ਼ੁਰੂਆਤ ਤੋਂ ਲੈ 10 ਸਾਲ ਬਾਅਦ ਇਹ ਗਿਣਤੀ 3400 ਤੱਕ ਪਹੁੰਚ ਗਈ।"[18] 2012 ਤੋਂ ਬਾਅਦ ਲੇਖਾਂ ਦੀ ਗਿਣਤੀ ਵਿੱਚ ਵਾਧਾ ਮੁਕਾਬਲਤਨ ਤੇਜ਼ੀ ਨਾਲ ਹੋਣ ਲੱਗਾ। ਜੂਨ 2013 ਵਿੱਚ ਲੇਖਾਂ ਦੀ ਗਿਣਤੀ 6600, ਅਪ੍ਰੈਲ 2014 ਵਿੱਚ ਇਹ ਗਿਣਤੀ 10,000 ਅਤੇ ਮਈ 2015 ਤੱਕ ਇਹ ਗਿਣਤੀ 16 ਹਜ਼ਾਰ 988 ਤੱਕ ਪਹੁੰਚ ਗਈ। ਮਈ 2015 ਤੱਕ ਸਾਰੀਆਂ ਭਾਸ਼ਾਵਾਂ ਦੇ ਵਿਕੀਪੀਡੀਆ ਵਿੱਚੋਂ ਲੇਖਾਂ ਦੀ ਗਿਣਤੀ ਅਨੁਸਾਰ ਪੰਜਾਬੀ ਵਿਕੀਪੀਡੀਆ ਦਾ ਸਥਾਨ 106ਵੇਂ ਨੰਬਰ 'ਤੇ ਸੀ ਅਤੇ ਲੇਖਾਂ ਦੀ ਗਿਣਤੀ 21 ਹਜ਼ਾਰ 146 ਤੱਕ ਪਹੁੰਚ ਗਈ।

ਪੰਜਾਬੀ ਵਿਕੀਪੀਡੀਆ ਨੂੰ ਹੋਂਦ ਵਿੱਚ ਆਏ ਨੂੰ ਲਗਭਗ 20 ਸਾਲ ਦਾ ਸਮਾਂ ਹੋ ਗਿਆ ਪਰ ਅਜੇ ਵੀ ਅੰਗਰੇਜ਼ੀ ਅਤੇ ਹੋਰ ਜ਼ੁਬਾਨਾਂ ਦੇ ਵਿਕੀਪੀਡੀਆ ਨਾਲੋਂ ਕਾਫ਼ੀ ਪਛੜਿਆ ਹੋਇਆ ਹੈ। ਪੰਜਾਬੀ ਵਿਕੀਪੀਡੀਆ ਉੱਪਰ ਐਨੇ ਕੁ ਲੇਖ ਬਣਾਉਣ ਲਈ ਵੀ ਕਾਫ਼ੀ ਜੱਦੋ ਜਹਿਦ ਕਰਨੀ ਪਈ ਹੈ। ਸੰਪਾਦਕਾਂ ਦੀ ਗਿਣਤੀ ਵਧਾਉਣ ਲਈ 'ਪੰਜਾਬੀ ਵਿਕੀਮੀਡੀਅਨਜ਼'[19] ਵੱਲੋਂ ਵਿਕੀਮੀਡੀਆ ਫਾਉਂਡੇਸ਼ਨ ਦੇ ਸਹਿਯੋਗ ਨਾਲ ਪਟਿਆਲਾ, ਲੁਧਿਆਣਾ, ਅੰਮ੍ਰਿਤਸਰ ਆਦਿ ਸ਼ਹਿਰਾਂ ਵਿੱਚ ਵਰਕਸ਼ਾਪਾਂ ਵੀ ਲਗਾਈਆਂ ਗਈਆਂ। ਪੰਜਾਬੀ ਵਿਕੀਪੀਡੀਆ ਦੀ ਪਹਿਲੀ ਵਰਕਸ਼ਾਪ 2012 ਵਿੱਚ ਹੋਈ। 2012 ਤੋਂ ਬਾਅਦ ਸਤੰਬਰ 2015 ਤੱਕ ਕੋਈ ਵਰਕਸ਼ਾਪ ਨਹੀਂ ਹੋਈ। ਅਕਤੂਬਰ 2015 ਵਿੱਚ ਚੰਡੀਗੜ੍ਹ ਵਿਖੇ ਵਰਕਸ਼ਾਪ ਲਗਾਈ ਗਈ ਅਤੇ ਇਸ ਤੋਂ ਬਾਅਦ 'ਪੰਜਾਬੀ ਵਿਕੀਮੀਡੀਅਨਜ਼' ਨੇ ਕਾਫ਼ੀ ਸਰਗਰਮੀ ਨਾਲ ਮਾਲਵੇ ਦੇ ਵੱਖ-ਵੱਖ ਸ਼ਹਿਰਾਂ ਵਿੱਚ ਵਰਕਸ਼ਾਪਾਂ ਦਾ ਆਯੋਜਨ ਕੀਤਾ। ਇਨ੍ਹਾਂ ਵਰਕਸ਼ਾਪਾਂ ਨਾਲ ਲੇਖਾਂ ਦੀ ਗਿਣਤੀ ਵਿੱਚ ਕਾਫ਼ੀ ਤੇਜ਼ੀ ਨਾਲ ਵਾਧਾ ਹੋਇਆ।

ਪੰਜਾਬੀ ਵਿਕੀਪੀਡੀਆ ਉੱਪਰ ਕੰਮ ਕਰਨ ਵਾਲੇ ਸਰਗਰਮ ਵਰਤੋਂਕਾਰਾਂ (Active Users) ਦੀ ਗਿਣਤੀ ਘੱਟ ਹੈ ਪਰ ਪੰਜਾਬੀ ਵਿਕੀਪੀਡੀਆ ਨੂੰ ਪੜ੍ਹਨ ਵਾਲੇ ਲੋਕਾਂ ਦੀ ਗਿਣਤੀ ਮੁਕਾਬਲਤਨ ਕਾਫ਼ੀ ਹੈ। "ਜੂਨ 2012 ਦੀ

---

[18] ਸੁਖਵੰਤ ਹੁੰਦਲ, **ਵਿਕੀਪੀਡੀਆ ਇਨਕਲਾਬ ਅਤੇ ਪੰਜਾਬੀ ਵਿਕੀਪੀਡੀਆ**, ਗੋਸਟਿ, ਲਖਵੀਰ ਸਿੰਘ (ਮੁੱਖ ਸੰਪਾਦਕ), ਰਾਜਿੰਦਰ ਪਾਲ ਸਿੰਘ, ਚਰਨਜੀਤ ਕੌਰ (ਸੰਪਾਦਕ), ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ ਦੂਜਾ, 2014, ਪੰਨਾ- 74

[19] ਪੰਜਾਬੀ ਵਿਕੀਪੀਡੀਆ ਅਤੇ ਇਸ ਦੇ ਸਾਥੀ ਪ੍ਰੋਜੈਕਟਾਂ ਉੱਪਰ ਕੰਮ ਕਰਨ ਵਾਲੇ ਵਰਤੋਂਕਾਰ ਸਮੂਹ ਦਾ ਨਾਮ।

ਇੱਕ ਰਿਪੋਰਟ ਮੁਤਾਬਕ ਪੰਜਾਬੀ ਵਿਕੀਪੀਡੀਆ ਦੇ ਲੇਖਾਂ ਨੂੰ ਇੱਕ ਮਹੀਨੇ ਵਿੱਚ 3 ਲੱਖ 69 ਹਜ਼ਾਰ ਵਾਰ ਦੇਖਿਆ ਜਾਂਦਾ ਸੀ ਅਤੇ ਮਈ 2015 ਵਿੱਚ ਇਹ ਗਿਣਤੀ 11 ਲੱਖ 72 ਹਜ਼ਾਰ ਤੱਕ ਪਹੁੰਚ ਗਈ ਸੀ।"[20]

ਮਾਰਚ 2020 ਤੱਕ ਸਾਰੀਆਂ ਭਾਸ਼ਾਵਾਂ ਦੇ ਵਿਕੀਪੀਡੀਆ ਵਿੱਚੋਂ ਲੇਖਾਂ ਦੀ ਗਿਣਤੀ ਅਨੁਸਾਰ ਪੰਜਾਬੀ ਵਿਕੀਪੀਡੀਆ ਦਾ ਸਥਾਨ 102ਵਾਂ ਹੈ। ਪੰਜਾਬੀ ਵਿਕੀਪੀਡੀਆ ਦਾ ਇਹ ਸਥਾਨ ਲੇਖਾਂ ਦੀ ਗਿਣਤੀ ਦੇ ਅੰਕੜਿਆਂ ਦੇ ਆਧਾਰ ਉੱਪਰ ਹੀ ਨਿਰਧਾਰਿਤ ਹੈ।

## 6. ਪੰਜਾਬੀ ਵਿਕੀਪੀਡੀਆ ਦੀਆਂ ਨੀਤੀਆਂ

ਪੰਜਾਬੀ ਵਿਕੀਪੀਡੀਆ ਨੂੰ ਚਲਾਉਣ ਵਾਲੀ ਵਿਕੀਮੀਡੀਆ ਫਾਉਂਡੇਸ਼ਨ ਇਸ ਗੱਲ ਦੀ ਆਗਿਆ ਦਿੰਦੀ ਹੈ ਕਿ ਕੁੱਝ ਮੂਲ ਨੀਤੀਆਂ ਨੂੰ ਛੱਡ ਕਿਸੇ ਵੀ ਭਾਸ਼ਾ ਦਾ ਵਿਕੀਪੀਡੀਆ ਆਪਣੀ ਲੋਕਲ ਨੀਤੀ ਬਣਾ ਸਕਦਾ ਹੈ ਅਤੇ ਉਸੇ ਅਨੁਸਾਰ ਆਪਣਾ ਕੰਮ ਕਰ ਸਕਦਾ ਹੈ। ਇਸ ਨੀਤੀ ਨੇ ਹੀ ਵਿਕੀਪੀਡੀਆ ਦੀ ਵੰਨ-ਸੁਵੰਨਤਾ ਨੂੰ ਬਰਕਰਾਰ ਰੱਖਿਆ ਹੈ। ਪੰਜਾਬੀ ਵਿਕੀਪੀਡੀਆ ਦੀਆਂ ਨੀਤੀਆਂ ਬਾਰੇ ਪੰਜਾਬੀ ਵਿਕੀਮੀਡੀਅਨਜ਼ ਦੇ ਕਨਟੈਕਟ ਪਰਸਨਜ਼[21] (Contact Persons) ਨਾਲ ਹੋਈ ਨਿੱਜੀ ਗੱਲਬਾਤ ਰਾਹੀਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ "ਪੰਜਾਬੀ ਵਿਕੀਪੀਡੀਆ ਦੀ ਆਪਣੀ ਕੋਈ ਵੀ ਲੋਕਲ ਨੀਤੀ ਨਹੀਂ ਬਣਾਈ ਗਈ। ਅੰਗਰੇਜ਼ੀ ਵਿਕੀਪੀਡੀਆ ਵਾਲੀਆਂ ਸਾਰੀਆਂ ਨੀਤੀਆਂ ਹੀ ਪੰਜਾਬੀ ਵਿਕੀਪੀਡੀਆ 'ਤੇ ਲਾਗੂ ਕੀਤੀਆਂ ਜਾਂਦੀਆਂ ਹਨ।"[22]

### 6.1 ਵਿਕੀਪੀਡੀਆ ਦੇ ਪੰਜ ਥੰਮ

ਵਿਕੀਪੀਡੀਆ ਆਪਣੇ ਬੁਨਿਆਦੀ ਅਸੂਲਾਂ ਨੂੰ ਆਪਣੇ 'ਪੰਜ ਥੰਮ' ਨਾਮ ਨਾਲ ਸੰਬੋਧਿਤ ਹੁੰਦਾ ਹੈ। ਜਿਨ੍ਹਾਂ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ-

1. ਵਿਕੀਪੀਡੀਆ ਕੋਈ ਅਖ਼ਬਾਰ, ਰਸਾਲਾ, ਟੂਰਿਸਟ ਗਾਈਡ ਜਾਂ ਇਸ਼ਤਿਹਾਰ ਦੇਣ ਦੀ ਥਾਂ ਨਹੀਂ ਅਤੇ ਨਾ ਹੀ ਕੋਈ ਡਾਇਰੈਕਟਰੀ ਜਾਂ ਸ਼ਬਦਕੋਸ਼ ਹੈ। ਅਜਿਹੀ ਜਾਣਕਾਰੀ ਵਿਕੀਪੀਡੀਆ ਦੇ ਸਾਥੀ ਪ੍ਰੋਜੈਕਟਾਂ 'ਤੇ ਪਾਈ ਜਾ ਸਕਦੀ ਹੈ। ਵਿਕੀਪੀਡੀਆ ਇੱਕ ਵਿਸ਼ਵਕੋਸ਼ ਹੈ ਅਤੇ ਇਸ ਉੱਪਰ ਲਿਖੇ ਜਾਣ ਵਾਲੇ ਲੇਖ ਵਿਸ਼ੇਸ਼ ਅਹਿਮੀਅਤ ਵਾਲੇ ਹੋਣੇ ਚਾਹੀਦੇ ਹਨ।
2. ਵਿਕੀਪੀਡੀਆ ਇੱਕ ਨਿਰਪੱਖ ਨਜ਼ਰੀਏ ਤੋਂ ਲਿਖਿਆ ਜਾਣ ਵਾਲਾ ਕੋਸ਼ ਹੈ। ਵਿਕੀਪੀਡੀਆ ਉੱਪਰ ਲੇਖ ਭਰੋਸੇਯੋਗ ਸਰੋਤਾਂ ਦੇ ਆਧਾਰ 'ਤੇ ਹੀ ਲਿਖੇ ਜਾ ਸਕਦੇ ਹਨ।

---

[20] ਸੁਖਵੰਤ ਹੁੰਦਲ, **ਵਿਕੀਪੀਡੀਆ ਇਨਕਲਾਬ ਅਤੇ ਪੰਜਾਬੀ ਵਿਕੀਪੀਡੀਆ**, ਗੋਸਟਿ, ਲਖਵੀਰ ਸਿੰਘ (ਮੁੱਖ ਸੰਪਾਦਕ), ਰਾਜਿੰਦਰ ਪਾਲ ਸਿੰਘ, ਚਰਨਜੀਤ ਕੌਰ (ਸੰਪਾਦਕ), ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ ਦੂਜਾ, 2014, ਪੰਨਾ- 77

[21] ਪੰਜਾਬੀ ਵਿਕੀਮੀਡੀਅਨਜ਼ ਵੱਲੋਂ ਤਿੰਨ ਮੈਂਬਰੀ ਕੰਨਟੈਕਟ ਪਰਸਨਜ਼ ਟੀਮ ਦੀ ਚੋਣ ਵੋਟਾਂ ਨਾਲ ਕੀਤੀ ਜਾਂਦੀ ਹੈ ਜੋ ਵਿਕੀਮੀਡੀਆ ਫਾਉਂਡੇਸ਼ਨ ਨਾਲ ਤਾਲਮੇਲ ਬਣਾ ਕੇ ਰੱਖਦੀ ਹੈ।

[22] ਪੰਜਾਬੀ ਵਿਕੀਮੀਡੀਅਨਜ਼ ਦੇ ਕਮਿਉਨਟੀ ਐਡਵੋਕੇਟ ਸਤਪਾਲ ਦੰਦੀਵਾਲ ਨਾਲ ਗੱਲਬਾਤ ਵਿੱਚੋਂ, https://pa.wikipedia.org/wiki/User:Satpal_Dandiwal

3. ਵਿਕੀਪੀਡੀਆ ਉੱਪਰ ਸਾਰੀ ਸਮੱਗਰੀ ਅਜ਼ਾਦ ਹੈ। ਇਸ ਵਿੱਚ ਕੋਈ ਵੀ ਫੇਰਬਦਲ ਕਰ ਸਕਦਾ ਹੈ ਅਤੇ ਕੋਈ ਵੀ ਇਸ ਨੂੰ ਵਰਤ ਸਕਦਾ ਹੈ। ਸਾਹਿਤਕ ਚੋਰੀ ਭਾਵ ਕਿਸੇ ਦੇ ਕੰਮ ਨੂੰ ਆਪਣਾ ਬਣਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।
4. ਵਿਕੀਪੀਡੀਆ ਦੇ ਵਰਤੋਂਕਾਰ ਇੱਕ ਦੂਜੇ ਨਾਲ ਅਦਬ ਨਾਲ ਪੇਸ਼ ਆਉਣ। ਕਿਸੇ ਲੇਖ ਉੱਪਰ ਕੰਮ ਕਰਦੇ ਸਮੇਂ ਵਿਚਾਰਾਂ ਵਿੱਚ ਮਤਭੇਦ ਆਉਣ ਦੀ ਸੂਰਤ ਵਿੱਚ ਟਕਰਾਅ ਤੋਂ ਬਚਣਾ ਚਾਹੀਦਾ ਹੈ ਅਤੇ ਲੇਖ ਦੇ ਗੱਲਬਾਤ ਸਫ਼ੇ ‘ਤੇ ਜਾ ਕੇ ਵਿਚਾਰ ਚਰਚਾ ਸ਼ੁਰੂ ਕਰਨੀ ਚਾਹੀਦੀ ਹੈ।
5. ਵਿਕੀਪੀਡੀਆ ਦੇ ਅਸੂਲ ਪੱਥਰ ‘ਤੇ ਲੀਕ ਨਹੀਂ ਹਨ। ਵਕਤ ਦੇ ਬਦਲਾਅ ਮੁਤਾਬਕ ਇਨ੍ਹਾਂ ਵਿੱਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ।

### 6.2 ਵਿਕੀਪੀਡੀਆ ਤਸਦੀਕ ਯੋਗਤਾ

ਵਿਕੀਪੀਡੀਆ ਦੀ ਤਸਦੀਕ ਯੋਗਤਾ ਦਾ ਮਤਲਬ ਹੈ ਕਿ ਜੋ ਵਿਕੀਪੀਡੀਆ ਨੂੰ ਪੜ੍ਹਦੇ ਜਾਂ ਸੋਧਦੇ ਹਨ ਉਹ ਤਸਦੀਕ ਕਰ ਲੈਣ ਕਿ ਜਾਣਕਾਰੀ ਭਰੋਸੇਯੋਗ ਸਰੋਤ ਤੋਂ ਲਈ ਗਈ ਹੈ। ਵਿਕੀਪੀਡੀਆ ਅਨੁਸਾਰ ਜੇਕਰ ਤੁਹਾਨੂੰ ਕਿਸੇ ਤੱਥ ਬਾਰੇ ਪੱਕਾ ਯਕੀਨ ਹੈ ਤਾਂ ਵੀ ਤੁਸੀਂ ਵਿਕੀਪੀਡੀਆ ਦੇ ਲੇਖ ਵਿੱਚ ਹਵਾਲੇ ਸਹਿਤ ਜਾਣਕਾਰੀ ਨੂੰ ਹੀ ਜੋੜਨਾ ਹੈ। ਵਿਕੀਪੀਡੀਆ ਲੇਖ ਦੇ ਸਰੋਤਾਂ ਬਾਰੇ ਵੀ ਵਿਕੀਪੀਡੀਆ ਦੇ ਆਪਣੇ ਨਿਯਮ ਹਨ। ਵਿਕੀਪੀਡੀਆ ਹੇਠ ਲਿਖੇ ਸਰੋਤਾਂ ਨੂੰ ਭਰੋਸੇਯੋਗ ਸਰੋਤ ਮੰਨਦਾ ਹੈ-

- ਯੂਨੀਵਰਸਿਟੀ ਪੱਧਰ ਦੀਆਂ ਪਾਠ-ਪੁਸਤਕਾਂ
- ਪ੍ਰਸਿੱਧ ਪ੍ਰਕਾਸ਼ਕਾਂ ਦੁਆਰਾ ਪ੍ਰਕਾਸ਼ਤ ਪੁਸਤਕਾਂ
- ਮੈਗਜ਼ੀਨ
- ਅਕਾਦਮਿਕ ਜਰਨਲ
- ਪ੍ਰਸਿੱਧ ਅਖ਼ਬਾਰ

### 6.3 ਕਾਪੀ ਰਾਈਟ ਅਤੇ ਸਾਹਿਤਕ ਚੋਰੀ


ਵਿਕੀਪੀਡੀਆ ਕਾਪੀਰਾਈਟ ਦੇ ਨਿਯਮਾਂ ਨੂੰ ਤੋੜਨ ਅਤੇ ਸਾਹਿਤਕ ਚੋਰੀ ਦੇ ਸਖ਼ਤ ਖ਼ਿਲਾਫ ਹੈ। ਵਿਕੀਪੀਡੀਆ ਉੱਪਰ ਕੋਈ ਵੀ ਫੋਟੋ ਜਾਂ ਕਿਸੇ ਹੋਰ ਮੀਡੀਏ ਦੀ ਵਰਤੋਂ, ਉਸ ਦੇ ਕਾਪੀ ਰਾਈਟ ਮਾਲਕ ਦੀ ਆਗਿਆ ਤੋਂ ਬਿਨ੍ਹਾਂ ਨਹੀਂ ਕੀਤੀ ਜਾ ਸਕਦੀ। ਕਾਪੀ ਰਾਈਟ ਦੀ ਉਲੰਘਣਾ ਕਰਨ ਵਾਲੇ ਸੰਪਾਦਕ ਨੂੰ ਬਿਨ੍ਹਾਂ ਜਾਣਕਾਰੀ ਦਿੱਤੇ ਬਲੌਕ ਕੀਤਾ ਜਾ ਸਕਦਾ ਹੈ।

### 6.4. ਨੋਟਬਿਲਟੀ (Notability)

ਵਿਕੀਪੀਡੀਆ ਉੱਪਰ ਲੇਖ ਬਣਾਉਣ ਲਈ ਇੱਕ ਨੋਟਬਿਲਟੀ ਨਾਮ ਦੀ ਸ਼ਰਤ ਲਗਾਈ ਜਾਂਦੀ ਹੈ ਜਿਸ ਦਾ ਮਤਲਬ ਹੈ ਕਿ ਵਿਕੀਪੀਡੀਆ ਉੱਪਰ ਹਰ ਇੱਕ ਵਿਅਕਤੀ ਜਾਂ ਵਿਸ਼ੇ ਬਾਰੇ ਲੇਖ ਨਹੀਂ ਬਣਾਇਆ ਜਾ ਸਕਦਾ। ਸਮਾਜਿਕ ਮਹੱਤਤਾ ਰੱਖਣ ਵਾਲੇ ਵਿਸ਼ਿਆਂ ਉੱਪਰ ਹੀ ਵਿਕੀਪੀਡੀਆ ਲੇਖ ਬਣਾਉਣ ਦੀ ਇਜਾਜ਼ਤ ਦਿੰਦਾ ਹੈ।

### 6.5 ਮੂਲ ਖੋਜ (Original Research)

ਵਿਕੀਪੀਡੀਆ ਅਕਾਦਮਿਕ ਜਰਨਲ ਨਹੀਂ ਹੈ। ਇਸ ਲਈ ਵਿਕੀਪੀਡੀਆ ਉੱਪਰ ਮੂਲ ਖੋਜ ਨੂੰ ਅਪਲੋਡ ਕਰਨ 'ਤੇ ਪਾਬੰਦੀ ਹੈ। ਖੋਜ ਨੂੰ ਹਵਾਲਾ ਸਮੱਗਰੀ ਦੇ ਤੌਰ 'ਤੇ ਵਰਤਦਿਆਂ ਤਾਂ ਕੋਈ ਲੇਖ ਤਿਆਰ ਕੀਤਾ ਜਾ ਸਕਦਾ ਹੈ ਪਰ ਮੌਲਿਕ ਖੋਜ ਪੱਤਰ ਅਪਲੋਡ ਨਹੀਂ ਕੀਤਾ ਜਾ ਸਕਦਾ।




ਫੋਟੋ 2, ਇੰਦਰਾਜ ਵਿਕੀਪੀਡੀਆ ਦੇ ਅੰਦਾਜ਼ ਵਿੱਚ ਨਾ ਲਿਖੇ ਹੋਣ ਦਾ ਨੋਟੀਫਿਕੇਸ਼ਨ। Retrieved 25.09. 2021

### 6.6 ਨਿਰਪੱਖਤਾ

ਵਿਕੀਪੀਡੀਆ 'ਤੇ ਸਾਰੀ ਜਾਣਕਾਰੀ ਨਿਰਪੱਖ ਨਜ਼ਰੀਏ ਤੋਂ ਹੀ ਪਾਈ ਜਾ ਸਕਦੀ ਹੈ। ਇਸ ਦੀਆਂ ਕੁੱਝ ਨੀਤੀਆਂ ਹੇਠ ਲਿਖੇ ਅਨੁਸਾਰ ਹਨ ਜਿਨ੍ਹਾਂ ਦੇ ਅਨੁਸਾਰ ਹੀ ਵਿਕੀਪੀਡੀਆ ਉੱਪਰ ਕੰਮ ਕਰਨਾ ਚਾਹੀਦਾ ਹੈ-

1. ਵਿਕੀਪੀਡੀਆ ਦੇ ਕਿਸੇ ਵੀ ਲੇਖ ਵਿੱਚ ਕੋਈ ਅੰਤਿਮ ਨਿਰਣਾ ਦੇਣ ਦੀ ਮਨਾਹੀ ਹੈ।
2. ਹਮਾਇਤੀ ਲਫ਼ਜ਼ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਦਾਹਰਨ ਲਈ 'ਲੋਕਾਂ ਦੇ ਹੱਕਾਂ ਵਿੱਚ ਖੜਨ ਵਾਲਾ', 'ਬਹੁਤ ਸੋਹਣਾ', 'ਸੱਚਾਈ ਲਈ ਅੱਗੇ ਆਉਣ ਵਾਲਾ', 'ਮਕਬੂਲ', 'ਮਹਾਨ', 'ਬਾਬਾ ਬੋਹੜ' ਆਦਿ।

3. ਆਮ ਤੌਰ 'ਤੇ 'ਵਿਦਵਾਨਾਂ ਦੇ ਅਨੁਸਾਰ', 'ਮੰਨਿਆ ਜਾਂਦਾ ਹੈ ਕਿ', 'ਕਈਆਂ ਦਾ ਵਿਚਾਰ ਹੈ ਕਿ', 'ਖੋਜ ਕਹਿੰਦੀ ਹੈ ਕਿ', 'ਵਿਗਿਆਨ ਅਨੁਸਾਰ' ਆਦਿ ਸ਼ਬਦ ਆਮ ਲਿਖਤਾਂ ਵਿੱਚ ਵਰਤ ਲਏ ਜਾਂਦੇ ਹਨ। ਅਜਿਹੇ ਸ਼ਬਦ ਵਿਕੀਪੀਡੀਆ ਦੀਆਂ ਨੀਤੀਆਂ ਅਨੁਸਾਰ ਸੰਪਾਦਕਾਂ ਨੂੰ ਵਿਕੀਪੀਡੀਆ ਦੇ ਲੇਖਾਂ ਵਿੱਚ ਸ਼ਾਮਲ ਨਹੀਂ ਕਰਨੇ ਚਾਹੀਦੇ।
4. ਵਿਕੀਪੀਡੀਆ ਲੇਖ ਵਿੱਚ ਤਨਜਪੂਰਨ ਸ਼ਬਦ ਜਿਵੇਂ ਭਟਕਿਆ ਹੋਇਆ, ਪਖੰਡੀ, ਨਸਲਪ੍ਰਸਤ, ਅੱਤਵਾਦੀ ਆਦਿ ਸ਼ਬਦ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

## 7. ਵਿਕੀਪੀਡੀਆ ਸੰਪਾਦਨ


ਵਿਕੀਪੀਡੀਆ ਉੱਪਰ ਦੋ ਢੰਗਾਂ ਨਾਲ ਯੋਗਦਾਨ ਦਿੱਤਾ ਜਾ ਸਕਦਾ ਹੈ। ਪਹਿਲਾ ਢੰਗ ਹੈ ਕਿ ਵਿਕੀਪੀਡੀਆ ਉੱਪਰ ਪੁਰਾਣੇ ਲੇਖ ਵਿੱਚ ਸੋਧ ਕਰਕੇ ਉਸ ਵਿੱਚ ਵਾਧਾ ਕੀਤਾ ਜਾ ਸਕਦਾ ਹੈ ਅਤੇ ਦੂਜਾ ਢੰਗ ਇਹ ਹੈ ਕਿ ਜਿਸ ਵਿਸ਼ੇ ਬਾਰੇ ਵਿਕੀਪੀਡੀਆ ਉੱਪਰ ਲੇਖ ਉਪਲਬਧ ਨਹੀਂ ਹੈ, ਉਸ ਵਿਸ਼ੇ ਬਾਰੇ ਨਵਾਂ ਲੇਖ ਬਣਾ ਕੇ ਗਿਆਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਵਿਕੀਪੀਡੀਆ ਦਾ ਸਾਫ਼ਟਵੇਅਰ ਸਮੇਂ ਸਮੇਂ 'ਤੇ ਅਪਡੇਟ ਹੁੰਦਾ ਰਹਿੰਦਾ ਹੈ, ਇਸ ਲਈ ਲੇਖ ਸੋਧਣ ਜਾਂ ਨਵਾਂ ਲੇਖ ਬਣਾਉਣ ਦੀ ਵਿਧੀ ਇੱਕ ਨਹੀਂ ਰਹਿੰਦੀ। ਵਿਕੀਪੀਡੀਆ ਉੱਪਰ 'ਮਦਦ' ਪੇਜ਼ ਨੂੰ ਖੋਲ੍ਹ ਕੇ ਵਿਕੀਪੀਡੀਆ ਲੇਖ ਦੀ ਸੰਪਾਦਨ ਵਿਧੀ ਨੂੰ ਸਿੱਖਿਆ ਜਾ ਸਕਦਾ ਹੈ।

## 8. ਇੰਦਰਾਜ ਦਿੱਖ

ਕਿਸੇ ਵੀ ਸਰਚ ਇੰਜਣ ਵਿੱਚ ਪੰਜਾਬੀ ਵਿਕੀਪੀਡੀਆ (pa.wikipedia.org) ਕੀ-ਵਰਡ ਭਰ ਕੇ ਲੱਭਣ ਨਾਲ 'ਪੰਜਾਬੀ ਵਿਕੀਪੀਡੀਆ ਦਾ ਮੁੱਖ ਸਫ਼ਾ' ਖੁੱਲ੍ਹ ਜਾਂਦਾ ਹੈ। ਸਕਰੀਨ ਦੇ ਖੱਬੇ ਪਾਸੇ ਵੱਖ-ਵੱਖ 'ਬਟਨਾਂ' ਦੀ ਇੱਕ ਲੰਬੀ ਸੂਚੀ ਦਿੱਤੀ ਗਈ ਹੈ ਜਿਸ ਵਿੱਚ 'ਮੁੱਖ ਸਫ਼ਾ', ਪੰਜਾਬੀ ਵਿਕੀਪੀਡੀਆ ਉੱਪਰ ਕੰਮ ਕਰਨ ਵਾਲੇ ਭਾਈਚਾਰੇ ਦੇ ਵਿਚਾਰ ਚਰਚਾ ਕਰਨ ਲਈ 'ਸੱਥ', ਪੰਜਾਬੀ ਵਿਕੀਪੀਡੀਆ ਉੱਪਰ ਵਾਪਰ ਰਹੀਆਂ ਰੋਜ਼ਾਨਾ ਦੀਆਂ ਤਬਦੀਲੀਆਂ ਦੇਖਣ ਲਈ 'ਹਾਲੀਆ ਤਬਦੀਲੀਆਂ', ਪੰਜਾਬੀ ਵਿਕੀਪੀਡੀਆ ਦੇ ਇੰਦਰਾਜ ਨੂੰ ਸੋਸ਼ਲ ਮੀਡੀਆ ਉੱਪਰ ਸਾਂਝਾ ਕਰਨ ਲਈ 'ਸੋਸ਼ਲ ਸਾਈਟਾਂ ਦੇ ਲਿੰਕ', ਪੰਜਾਬੀ ਵਿਕੀਪੀਡੀਆ ਉੱਪਰ ਖੁੱਲ੍ਹੇ ਲੇਖ ਬਾਰੇ ਤਕਨੀਕੀ ਜਾਣਕਾਰੀ ਲੈਣ ਵਾਲਾ ਬਟਨ 'ਸਫ਼ੇ ਬਾਬਤ ਜਾਣਕਾਰੀ', ਇੰਦਰਾਜ ਨੂੰ ਵੱਖ-ਵੱਖ ਰੂਪਾਂ (PDF, Word) ਵਿੱਚ ਡਾਊਨਲੋਡ ਕਰਨ ਵਾਲਾ ਬਟਨ ਅਤੇ ਇੱਕੋ ਇੰਦਰਾਜ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਪੜ੍ਹਨ ਲਈ ਹੋਰ ਭਾਸ਼ਾਵਾਂ ਦੇ ਵਿਕੀਪੀਡੀਆ ਦੇ ਲਿੰਕ ਦਿੱਤੇ ਗਏ ਹਨ। ਸਕਰੀਨ ਦੇ ਸੱਜੇ ਪਾਸੇ 'ਖੋਜ ਵਿਕੀਪੀਡੀਆ' ਨਾਮ ਦਾ ਇੱਕ ਬੌਕਸ ਬਣਿਆ ਹੋਇਆ ਹੈ, ਜਿਸ ਵਿੱਚ ਪਾਠਕ ਕੋਈ ਵੀ ਕੀ-ਵਰਡ ਭਰ ਕੇ ਆਪਣੀ ਪਸੰਦ ਦਾ ਲੇਖ ਪੜ੍ਹ ਸਕਦਾ ਹੈ। ਪੰਜਾਬੀ ਵਿਕੀਪੀਡੀਆ ਦੇ ਮੁੱਖ ਪੇਜ ਉੱਪਰ 'ਚੁਣਿਆ ਹੋਇਆ ਲੇਖ' ਸਿਰਲੇਖ ਅਧੀਨ ਹਰ ਰੋਜ਼ ਇੱਕ ਨਵਾਂ ਲੇਖ ਦਿਖਦਾ ਹੈ। ਇਸ ਭਾਗ ਦੇ ਥੱਲੇ 'ਅੱਜ ਦਾ ਇਤਿਹਾਸ' ਸਿਰਲੇਖ ਅਧੀਨ ਹਰ ਦਿਨ ਦੇ ਇਤਿਹਾਸ ਦੀਆਂ ਪ੍ਰਮੁੱਖ ਚਾਰ-ਪੰਜ ਘਟਨਾਵਾਂ ਦੀ ਸੂਚੀ ਦਿੱਤੀ ਜਾਂਦੀ ਹੈ। ਸਕਰੀਨ ਦੇ ਸੱਜੇ ਪਾਸੇ 'ਚੁਣੇ ਹੋਏ

ਲੇਖ' ਦੇ ਨਾਲ 'ਕੀ ਤੁਸੀਂ ਜਾਣਦੇ ਹੋ' ਸਿਰਲੇਖ ਅਧੀਨ ਅੱਠ-ਦਸ ਦਿਲਚਸਪ ਤੱਥਾਂ ਦੀ ਸੂਚੀ ਦਿੱਤੀ ਜਾਂਦੀ ਹੈ। ਪੰਜਾਬੀ ਵਿਕੀਪੀਡੀਆ ਦੇ ਮੁੱਖ ਪੇਜ ਦੇ ਇਨ੍ਹਾਂ ਭਾਗਾਂ ਦੇ ਥੱਲੇ ਹਰ ਰੋਜ਼ ਇੱਕ ਚੁਣੀ ਹੋਈ ਤਸਵੀਰ ਆਉਂਦੀ ਹੈ। ਤਸਵੀਰ ਦੇ ਥੱਲੇ ਵੱਖ-ਵੱਖ ਅਨੁਸ਼ਾਸਨ ਜਿਵੇਂ ਇਤਿਹਾਸ, ਭੂਗੋਲ, ਸੱਭਿਆਚਾਰ, ਵਿਗਿਆਨ ਆਦਿ ਸਿਰਲੇਖਾਂ ਦੇ ਹਾਈਪਰ ਲਿੰਕ ਦਿੱਤੇ ਗਏ ਹਨ ਅਤੇ ਇਨ੍ਹਾਂ ਅਧੀਨ ਇਨ੍ਹਾਂ ਵਿਸ਼ਿਆਂ ਨਾਲ ਸੰਬੰਧਿਤ ਪੰਜਾਬੀ ਵਿਕੀਪੀਡੀਆ ਵਿਚਲੇ ਲੇਖਾਂ ਨੂੰ ਰੱਖਿਆ ਗਿਆ ਹੈ।

'ਖੋਜ ਵਿਕੀਪੀਡੀਆ' ਵਿੱਚ ਕੋਈ ਵੀ ਕੀ-ਵਰਡ ਭਰ ਕੇ ਪੰਜਾਬੀ ਵਿਕੀਪੀਡੀਆ ਤੋਂ ਗਿਆਨ ਸਮੱਗਰੀ ਲੱਭੀ ਜਾ ਸਕਦੀ ਹੈ। ਪੰਜਾਬੀ ਵਿਕੀਪੀਡੀਆ ਉੱਪਰ ਵੱਖ-ਵੱਖ ਕਿਸਮ ਦੇ ਇੰਦਰਾਜ ਜਿਵੇਂ ਜੀਵਨੀ ਮੂਲਕ, ਕਿਸੇ ਪਿੰਡ ਜਾਂ ਸ਼ਹਿਰ ਬਾਰੇ, ਕਿਸੇ ਸੰਕਲਪ ਬਾਰੇ, ਕਿਸੇ ਵਸਤੂ ਆਦਿ ਬਾਰੇ ਇੰਦਰਾਜ ਦਰਜ ਹਨ। ਇਨ੍ਹਾਂ ਇੰਦਰਾਜਾਂ ਵਿਚਲੀ ਗਿਆਨ ਸਮੱਗਰੀ ਵੱਖ-ਵੱਖ ਕਿਸਮ ਦੀ ਹੁੰਦੀ ਹੈ ਪਰੰਤੂ ਰੂਪ (Format) ਦੇ ਪੱਖੋਂ ਲਗਭਗ ਇੱਕ ਦੂਜੇ ਨਾਲ ਮਿਲਦੀ ਹੈ। ਇੰਦਰਾਜ ਦੇ ਸੱਜੇ ਪਾਸੇ ਸਮੁੱਚੇ ਇੰਦਰਾਜ ਵਿੱਚੋਂ 'ਅੰਕੜੇ' (Data) ਕੱਢ ਕੇ ਇੱਕ ਬੌਕਸ ਵਿੱਚ ਰੱਖੇ ਜਾਂਦੇ ਹਨ ਤਾਂ ਜੋ ਪਾਠਕ ਨੂੰ ਸੰਖੇਪ ਜਾਣਕਾਰੀ ਮਿਲ ਸਕੇ। ਇੰਦਰਾਜ ਦੇ ਇਸ ਭਾਗ ਨੂੰ ਪੰਜਾਬੀ ਵਿਕੀਪੀਡੀਆ ਉੱਪਰ 'ਜਾਣਕਾਰੀ ਬਕਸਾ' ਸ਼ਬਦ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇੰਦਰਾਜ ਨੂੰ ਵਿਸ਼ੇ ਦੀ ਲੋੜ ਅਨੁਸਾਰ ਵੱਖ-ਵੱਖ ਭਾਗਾਂ ਵਿੱਚ ਵੰਡ ਕੇ ਲਿਖਿਆ ਜਾਂਦਾ ਹੈ ਅਤੇ ਅੰਤ ਵਿੱਚ ਇੰਦਰਾਜ ਦੇ ਵਿਸ਼ੇ ਅਨੁਸਾਰ ਵੱਖ-ਵੱਖ ਸ਼੍ਰੇਣੀਆਂ ਵਿੱਚ ਸ਼੍ਰੇਣੀਬੱਧ ਕੀਤਾ ਜਾਂਦਾ ਹੈ।




ਫੋਟੋ 3, ਪੰਜਾਬੀ ਵਿਕੀਪੀਡੀਆ ਦੇ ਇੰਦਰਾਜ ਵਿੱਚ ਜਾਣਕਾਰੀ ਬਕਸਾ। Retrieved – 25.07.2021

## 9. ਮੋਬਾਇਲ ਐਪਲੀਕੇਸ਼ਨ

ਪੰਜਾਬੀ ਵਿਕੀਪੀਡੀਆ ਦੀ ਕੋਈ ਸੁਤੰਤਰ ਮੋਬਾਇਲ ਐਪਲੀਕੇਸ਼ਨ ਨਹੀਂ ਹੈ ਸਗੋਂ ਸਾਰੀਆਂ ਭਾਸ਼ਾਵਾਂ ਦੇ ਵਿਕੀਪੀਡੀਆ ਦੀ ਸਾਂਝੀ ਮੋਬਾਇਲ ਐਪਲੀਕੇਸ਼ਨ ਹੈ। ਪਾਠਕ ਦੀ ਜਿਹੜੀ ਭਾਸ਼ਾ ਦੇ ਵਿਕੀਪੀਡੀਆ ਨੂੰ ਪੜ੍ਹਨ ਵਿੱਚ ਦਿਲਚਸਪੀ ਹੈ, ਉਸ ਨੂੰ ਪਾਠਕ ਆਪਣੀ ਤਰਜੀਹ ਸੂਚੀ ਵਿੱਚ ਸ਼ਾਮਲ ਕਰ ਸਕਦਾ ਹੈ। ਇਸ ਮੋਬਾਇਲ ਐਪਲੀਕੇਸ਼ਨ ਵਿੱਚ ਪਾਠਕ ਆਪਣੀ ਲੋੜ ਅਨੁਸਾਰ ਫੌਂਟ ਆਕਾਰ ਵਧਾ ਘਟਾ ਸਕਦੇ ਹਨ ਅਤੇ ਆਪਣੀ ਸਹੂਲਤ ਅਨੁਸਾਰ ਆਪਣੀ ਮਨ ਪਸੰਦ ਦੇ ਥੀਮ ਲਗਾ ਸਕਦੇ ਹਨ। ਵਿਕੀਪੀਡੀਆ ਦੀ ਮੋਬਾਇਲ ਐਪਲੀਕੇਸ਼ਨ ਗਿਆਨ ਸਮੱਗਰੀ ਪੜ੍ਹਨ ਦੇ ਨਾਲ-ਨਾਲ ਗਿਆਨ ਸਮੱਗਰੀ ਨੂੰ ਸੰਪਾਦਿਤ ਕਰਨ ਦੀ ਆਗਿਆ ਵੀ ਦਿੰਦੀ ਹੈ। ਇਸ ਮੋਬਾਇਲ ਐਪਲੀਕੇਸ਼ਨ ਦੇ ਐਂਡਰੌਇਡ ਅਤੇ ਆਈ. ਓ. ਐਸ. ਵਰਜ਼ਨ ਮੌਜੂਦ ਹਨ।

## 10. ਅੰਤਿਕਾ

ਇੰਟਰਨੈੱਟ ਦੇ ਯੁੱਗ ਵਿੱਚ ਵਿਕੀਪੀਡੀਆ ਇੱਕ ਮਹੱਤਵਪੂਰਨ ਗਿਆਨ ਸਰੋਤ ਵਜੋਂ ਸਾਹਮਣੇ ਆਇਆ ਹੈ। ਵਿਕੀਪੀਡੀਆ ਨਾਲ ਦੁਨੀਆਂ ਦਾ ਸਾਰਾ ਗਿਆਨ ਹਰ ਇੱਕ ਮਨੁੱਖ ਦੀ ਆਪਣੀ ਭਾਸ਼ਾ ਵਿੱਚ ਉਪਲਬਧ ਹੋਣ ਦੀਆਂ ਸੰਭਾਵਨਾਵਾਂ ਵਧੀਆਂ ਹਨ। ਪੰਜਾਬੀ ਵਿਕੀਪੀਡੀਆ ਨੇ ਦੂਜੀਆਂ ਭਾਸ਼ਾਵਾਂ ਦੇ ਵਿਕੀਪੀਡੀਆ ਦੇ ਮੁਕਾਬਲੇ ਹਾਲੇ 'ਸੇਰ ਚੋਂ ਪੂਣੀ ਵੀ ਨਹੀਂ ਕੱਤੀ' ਪਰ ਇਸ ਪ੍ਰੋਜੈਕਟ ਉਪਰ ਕੰਮ ਕਰਨ ਵਾਲੇ ਕੁਝ ਕੁ ਮੁੱਠੀ ਭਰ ਲੋਕਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਪੰਜਾਬੀ ਵਿਕੀਪੀਡੀਆ ਦੀ ਰਫ਼ਤਾਰ ਨੂੰਤੇਜ ਕਰਨ ਲਈ ਪੰਜਾਬੀ ਭਾਸ਼ਾ ਪ੍ਰੇਮੀਆਂ ਨੂੰ ਇਸ ਲਹਿਰ ਵਿਚ ਸ਼ਾਮਲ ਹੋਣ ਦੀ ਲੋੜ ਹੈ।

### ਅਭਿਆਸ ਲਈ ਪ੍ਰਸ਼ਨ

1. 'ਵਿਕੀਪੀਡੀਆ' ਉਪਰ ਵਿਸਥਾਰ ਸਹਿਤ ਨੋਟ ਲਿਖੋ।
2. 'ਵਿਕੀਪੀਡੀਆ' ਦੇ ਇਤਿਹਾਸ ਬਾਰੇ ਦੱਸਦੇ ਹੋਏ, ਵਿਕੀਪੀਡੀਆ ਦੀਆਂ ਪ੍ਰਮੁੱਖ ਨੀਤੀਆਂ ਉੱਪਰ ਚਰਚਾ ਕਰੋ।
3. 'ਵਿਕੀਪੀਡੀਆ' ਉਪਰ ਚਰਚਾ ਕਰਦੇ ਹੋਏ 'ਪੰਜਾਬੀ ਵਿਕੀਪੀਡੀਆ' ਦੇ ਇਤਿਹਾਸ ਬਾਰੇ ਦੱਸੋ?

### ਸੰਖੇਪ ਉਤਰਾਂ ਵਾਲੇ ਪ੍ਰਸ਼ਨ

1. ਵਿਕੀਪੀਡੀਆ ਦੇ ਸ਼ਾਬਦਿਕ ਅਰਥ ਬਾਰੇ ਦੱਸੋ?
2. ਵਿਕੀਪੀਡੀਆ ਦੇ ਸੰਸਥਾਪਕਾਂ ਦੇ ਨਾਮ ਦੱਸੋ?
3. ਵਿਕੀਪੀਡੀਆ ਦਾ ਸੰਪਾਦਨ ਕਿਵੇਂ ਕੀਤਾ ਜਾ ਸਕਦਾ ਹੈ?
4. ਵਿਕੀਪੀਡੀਆ ਕਦੋਂ ਸ਼ੁਰੂ ਹੋਇਆ ਸੀ?
5. ਪੰਜਾਬੀ ਵਿਕੀਪੀਡੀਆ ਕਿਹੜੀਆਂ-ਕਿਹੜੀਆਂ ਲਿੱਪੀਆਂ ਵਿੱਚ ਮੌਜੂਦ ਹੈ?
6. ਪੰਜਾਬੀ ਵਿਕੀਪੀਡੀਆ (ਗੁਰਮੁਖੀ) ਵਿਕੀਪੀਡੀਆ ਕਦੋਂ ਸ਼ੁਰੂ ਹੋਇਆ ਸੀ?
7. ਵਿਕੀਪੀਡੀਆ ਦੀ ਨਿਰਪੱਖਤਾ ਦੀ ਨੀਤੀ ਬਾਰੇ ਦੱਸੋ?
8. ਵਿਕੀ ਅਤੇ ਵਿਕੀਪੀਡੀਆ ਵਿੱਚ ਫਰਕ ਦੱਸੋ?